# ਅੰਮ੍ਰਿਤਬਾਣੀ

## ਸਤਿਗੁਰੂ ਰਵਿਦਾਸ ਮਹਾਰਾਜ ਜੀ

(ਸਟੀਕ)



ਟੀਕਾਕਾਰ : ਸੰਤ ਸੁਰਿੰਦਰ ਦਾਸ ਬਾਵਾ

ਪ੍ਰਕਾਸ਼ਕ : ਰਵਿਦਾਸੀਆ ਧਰਮ ਪ੍ਰਚਾਰ ਅਸਥਾਨ ਕਾਹਨਪੁਰ, ਜਲੰਧਰ (ਪੰਜਾਬ)


ਜਗਤਗੁਰੂ ਰਵਿਦਾਸ ਮਹਾਰਾਜ ਜੀ
ਸਤਿਗੁਰੂ ਸਰਵਣ ਦਾਸ ਮਹਾਰਾਜ ਜੀ
ਹਰਿ
ਸ੍ਰੀ ਗੁਰੂ ਰਵਿਦਾਸ ਜਨਮ ਸਥਾਨ ਮੰਦਿਰ ਸੀਰ ਗੋਵਰਧਨਪੁਰ, ਵਾਰਾਣਸੀ (ਯੂ.ਪੀ.)
ਪ੍ਰਬੰਧਕ—ਸ੍ਰੀ ਗੁਰੂ ਰਵਿਦਾਸ ਜਨਮ ਸਥਾਨ ਪਬਲਿਕ ਚੈਰੀਟੇਬਲ ਟਰੱਸਟ ਵਾਰਾਣਸੀ (ਯੂ.ਪੀ.)

# ਅੰਮ੍ਰਿਤਬਾਣੀ
# ਸਤਿਗੁਰੂ ਰਵਿਦਾਸ ਮਹਾਰਾਜ ਜੀ
## ( ਸਟੀਕ )

ਨਿਸ਼ਾਨ ਸਾਹਿਬ
**ਰਵਿਦਾਸੀਆ ਧਰਮ**

*ਪ੍ਰਕਾਸ਼ਕ :*
**ਰਵਿਦਾਸੀਆ ਧਰਮ ਪ੍ਰਚਾਰ ਅਸਥਾਨ ਕਾਹਨਪੁਰ,**
**ਜ਼ਿਲ੍ਹਾ ਜਲੰਧਰ (ਪੰਜਾਬ)**

# ਅੰਮ੍ਰਿਤਬਾਣੀ
# ਸਤਿਗੁਰੂ ਰਵਿਦਾਸ ਮਹਾਰਾਜ ਜੀ
## (ਸਟੀਕ)


*ਪ੍ਰਕਾਸ਼ਕ :*

**ਰਵਿਦਾਸੀਆ ਧਰਮ ਪ੍ਰਚਾਰ ਅਸਥਾਨ ਕਾਹਨਪੁਰ,**

ਜ਼ਿਲ੍ਹਾ ਜਲੰਧਰ (ਪੰਜਾਬ)



*ਟੀਕਾਕਾਰ :*

**ਸੰਤ ਸੁਰਿੰਦਰ ਦਾਸ ਬਾਵਾ**

**ਰਵਿਦਾਸੀਆ ਧਰਮ ਪ੍ਰਚਾਰ ਅਸਥਾਨ ਕਾਹਨਪੁਰ,**

ਜ਼ਿਲ੍ਹਾ ਜਲੰਧਰ (ਪੰਜਾਬ)



ਪਹਿਲਾ ਭਾਗ 2015

ਗਿਣਤੀ 5000

ਦੂਜਾ ਭਾਗ 2021

ਗਿਣਤੀ : 5000

*ਛਾਪਕ :*

**ਵਿਜੈ ਗ੍ਰਾਫਿਕਸ, ਜਲੰਧਰ**

# ਰਵਿਦਾਸੀਆ ਧਰਮ ਦੇ ਨਿਯਮ

| | | |
|---|---|---|
| 1. | ਸਾਡਾ ਰਹਿਬਰ | : ਸਤਿਗੁਰੂ ਰਵਿਦਾਸ ਮਹਾਰਾਜ ਜੀ |
| 2. | ਸਾਡਾ ਧਰਮ | : ਰਵਿਦਾਸੀਆ |
| 3. | ਸਾਡੀ ਧਾਰਮਿਕ ਪੁਸਤਕ | : ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ |
| 4. | ਸਾਡਾ ਕੌਮੀ ਨਿਸ਼ਾਨ ਸਾਹਿਬ | : |
| 5. | ਸਾਡਾ ਸੰਬੋਧਨ | : ਜੈ ਗੁਰਦੇਵ |
| 6. | ਸਾਡਾ ਮਹਾਨ ਤੀਰਥ ਅਸਥਾਨ | : ਸ੍ਰੀ ਗੁਰੂ ਰਵਿਦਾਸ ਜਨਮ ਸਥਾਨ ਮੰਦਰ ਸੀਰ ਗੋਵਰਧਨਪੁਰ, ਵਾਰਾਣਸੀ (ਯੂ.ਪੀ.) |
| 7. | ਸਾਡਾ ਉਦੇਸ਼ | : ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਮਾਨਵਵਾਦੀ ਵਿਚਾਰਧਾਰਾ ਦਾ ਪ੍ਰਚਾਰ। ਇਸ ਦੇ ਨਾਲ-ਨਾਲ ਮਹਾਂਰਿਸ਼ੀ ਭਗਵਾਨ ਵਾਲਮੀਕ ਜੀ, ਸਤਿਗੁਰੂ ਨਾਮਦੇਵ ਜੀ, ਸਤਿਗੁਰੂ ਕਬੀਰ ਜੀ, ਸਤਿਗੁਰੂ ਤ੍ਰਿਲੋਚਨ ਜੀ, ਸਤਿਗੁਰੂ ਸੈਨ ਜੀ ਅਤੇ ਸਤਿਗੁਰੂ ਸਧਨਾ ਜੀ ਦੀ ਮਾਨਵਵਾਦੀ ਵਿਚਾਰਧਾਰਾ ਦਾ ਪ੍ਰਚਾਰ ਕਰਨਾ। |
| | | : ਸਾਰੇ ਧਰਮਾਂ ਦਾ ਸਤਿਕਾਰ ਕਰਨਾ, ਮਾਨਵਤਾ ਨਾਲ ਪਿਆਰ ਕਰਨਾ ਅਤੇ ਸਦਾਚਾਰੀ ਜੀਵਨ ਬਤੀਤ ਕਰਨਾ। |

# TRADE MARKS REGISTRY

# REGISTRATION CERTIFICATE

Trade Marks Act 1994 of Great Britain and Northern Ireland

The mark shown below has been registered under No. 2318217 as of the date 09 December 2002.

The mark has been registered in respect of:

Class 35:
Advertising services, provided via the Internet, television and radio; business management, and office functions; public relations services.

Class 41:
Providing educational training, entertainment and cultural activities.

Class 42:
Providing industrial analysis and research services; design and development of computer hardware and software, which includes installation, maintenance and repair of computer software and design, drawing commissioned writing for the compilation of web sites; creating, maintaining and hosting web sites services.

In the name of Sri Guru Ravidass International Organization for Human Rights

**The mark on this certificate was filed in colour and is reproduced here in colour. It has been scanned as accurately as our equipment allows but you should refer to the application form, which is available for public inspection, and any colour standard provided by the applicant to determine the exact colour(s).**

Signed this day at my direction

ALISON BRIMELOW, REGISTRAR
DATE 14 November 2003

# ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ ਜੀਵਨ ਸੰਬੰਧੀ ਮਹੱਤਵਪੂਰਨ ਤੱਥ

★ **ਪ੍ਰਕਾਸ਼ ਦਿਹਾੜਾ** :

ਮਾਘ ਸੁਦੀ ਪੰਦ੍ਰਾਸ 1433 ਵਿਕਰਮੀ ਸੰਮਤ

ਸੰਨ 1377 ਈ.।

★ **ਜਨਮ ਸਥਾਨ** :

ਸੀਰ ਗੋਵਰਧਨਪੁਰ, ਬਨਾਰਸ (ਯੂ.ਪੀ.)

★ **ਮਾਤਾ ਪਿਤਾ ਜੀ ਦੇ ਨਾਮ** :

ਪਿਤਾ ਸਤਿਕਾਰਯੋਗ ਸ਼੍ਰੀਮਾਨ ਸੰਤੋਖ ਦਾਸ ਜੀ

ਮਾਤਾ ਸਤਿਕਾਰਯੋਗ ਸ਼੍ਰੀਮਤੀ ਕਲਸੀ ਦੇਵੀ ਜੀ

★ **ਦਾਦਾ ਦਾਦੀ ਜੀ ਦੇ ਨਾਮ** :

ਦਾਦਾ ਸਤਿਕਾਰਯੋਗ ਸ਼੍ਰੀਮਾਨ ਕਾਲੂ ਰਾਮ ਜੀ

ਦਾਦੀ ਸਤਿਕਾਰਯੋਗ ਸ਼੍ਰੀਮਤੀ ਲੱਖਪਤੀ ਜੀ

★ **ਸੁਪਤਨੀ ਅਤੇ ਸਪੁੱਤਰ ਦਾ ਨਾਮ** :

ਸੁਪਤਨੀ ਸਤਿਕਾਰਯੋਗ ਸ਼੍ਰੀਮਤੀ ਲੋਨਾ ਜੀ

ਸਪੁੱਤਰ ਸਤਿਕਾਰਯੋਗ ਸ਼੍ਰੀਮਾਨ ਵਿਜੈ ਦਾਸ ਜੀ

★ **ਬ੍ਰਹਮਲੀਨ** :

ਹਾੜ ਦੀ ਸੰਗਰਾਂਦ 1584 ਵਿਕਰਮੀ ਸੰਮਤ

(1528 ਈ.) ਬਨਾਰਸ ਵਿਖੇ।

# ਦੋ ਸ਼ਬਦ

ਐਸਾ ਚਾਹੂੰ ਰਾਜ ਮੈਂ ਜਹਾਂ ਮਿਲੈ ਸਭਨ ਕੋ ਅੰਨ।
ਛੋਟ-ਬੜੇ ਸਭ ਸਮ ਬਸੈ ਰਵਿਦਾਸ ਰਹੇ ਪ੍ਰਸੰਨ॥

ਧੰਨ ਧੰਨ ਜਗਤਗੁਰੂ ਰਵਿਦਾਸ ਜੀ ਮਹਾਰਾਜ, ਜਿਨ੍ਹਾਂ ਨੇ ਇਸ ਸੰਸਾਰ ਵਿੱਚੋਂ ਸਭ ਜੀਵਾਂ ਨੂੰ ਅਗਿਆਨਤਾ, ਪ੍ਰਾਧੀਨਤਾ, ਗੁਲਾਮੀ, ਭੇਦ-ਭਾਵ ਅਡੰਬਰਾਂ ਤੋਂ ਮੁਕਤ ਹੋ ਕੇ ਗਿਆਨ ਪ੍ਰਾਪਤ ਕਰਨ, ਏਕਤਾ, ਸਮਾਨਤਾ, ਮਾਨਵ ਪ੍ਰੇਮ, ਹਰਿ ਦੇ ਸਿਮਰਨ ਕਰਨ ਦੇ ਪਾਵਨ ਉਪਦੇਸ਼ ਬਖਸ਼ਿਸ਼ ਕੀਤੇ। ਜਿੱਥੇ ਜਗਤਗੁਰੂ ਰਵਿਦਾਸ ਮਹਾਰਾਜ ਜੀ ਨੇ ਸਦੀਆਂ ਤੋਂ ਪੀੜਤ ਸਮਾਜ ਵਿੱਚ ਆ ਕੇ ਇਸ ਦੇ ਸਾਰੇ ਬੰਧਨ ਕੱਟੇ ਉੱਥੇ ਨਾਲ ਹੀ ਨਾਲ ਮਾਨਵ ਵਿਰੋਧੀਆਂ ਨੂੰ ਵੀ ਸਤਿ ਉਪਦੇਸ਼ :

**ਸਤਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ॥**

ਰਾਹੀਂ ਵਿਸ਼ਵ ਭਾਈਚਾਰੇ ਦਾ ਪਾਵਨ ਉਪਦੇਸ਼ ਦਿੱਤਾ, ਉੱਥੇ ਨਾਲ-ਨਾਲ ਪੂਰੇ ਵਿਸ਼ਵ ਨੂੰ 'ਬੇਗਮਪੁਰਾ' ਵਤਨ ਬਣਾਉਣ ਦਾ ਵੀ ਸੰਕਲਪ ਦਿੱਤਾ। ਐਸੇ ਮਹਾਨ ਕ੍ਰਾਂਤੀਕਾਰੀ ਜਗਤਗੁਰੂ ਰਵਿਦਾਸ ਜੀ ਦਾ ਆਗਮਨ ਮਾਘ ਸੁਦੀ ਪੰਦ੍ਰਾਸ 1377 ਈਸਵੀ (1433 ਬਿਕਰਮੀ ਸੰਮਤ) ਨੂੰ ਸੀਰ ਗੋਵਰਧਨਪੁਰ, ਵਾਰਾਨਸੀ ਸਤਿਕਾਰਯੋਗ ਪਿਤਾ ਸ਼੍ਰੀ ਸੰਤੋਖ ਦਾਸ ਜੀ ਅਤੇ ਸਤਿਕਾਰਯੋਗ ਮਾਤਾ ਕਲਸੀ ਜੀ ਦੇ ਗ੍ਰਹਿ ਵਿਖੇ ਹੋਇਆ।

ਆਪ ਜੀ ਨੇ ਪ੍ਰਾਧੀਨਤਾ, ਗੁਲਾਮੀ, ਭੇਦ-ਭਾਵ ਅਤੇ ਪ੍ਰਚੱਲਤ ਮਾਨਵ ਵਿਰੋਧੀ ਵਿਵਸਥਾ ਨੂੰ ਸਮਾਪਤ ਕਰਨ ਲਈ ਸਭ ਜੀਵਾਂ ਨੂੰ ਮਾਨਵੀ ਅਧਿਕਾਰ, ਅਜ਼ਾਦੀ ਅਤੇ ਨਿਆ ਦਵਾਉਣ ਲਈ ਮਾਘ ਦੀ ਸੰਗਰਾਂਦ ਨੂੰ ਚੌਹਾਂ ਯੁੱਗਾਂ ਦੇ ਜੰਜੂ ਦਿਖਾ ਕੇ ਅਤੇ ਬਾਅਦ ਵਿਚ ਸੂਤ ਦਾ ਜਨੇਊ ਵੀ ਉਤਾਰ ਦਿੱਤਾ। ਵਿਸਾਖੀ ਦੇ ਇਤਿਹਾਸਕ ਪੁਰਬ ਤੇ ਗੰਗਾ-ਘਾਟ 'ਤੇ ਪੱਥਰ ਤਰਾਏ ਅਤੇ ਸੰਗਰਾਮ ਸਿੰਘ (ਰਾਣਾ ਸਾਂਗਾ) ਅਤੇ ਰਾਣੀ ਝਾਲਾਂ ਬਾਈ ਦੇ ਦਰਬਾਰ ਵਿਚ ਅਨੇਕਾਂ ਰੂਪ ਧਾਰਣ ਕਰਕੇ ਸੰਗਤ -ਪੰਗਤ ਦੀ ਪ੍ਰਥਾ ਸ਼ੁਰੂ ਕੀਤੀ। ਸ਼੍ਰੀਲੰਕਾ ਤੋਂ ਸਾਉਦੀ ਅਰਬ ਤੱਕ ਅਤੇ ਦੇਸ਼-ਵਿਦੇਸ਼ ਦੀ ਧਰਤੀ 'ਤੇ ਆਪ ਜੀ ਨੇ ਉਦਾਸੀਆਂ ਕਰਕੇ ਸਭ ਜੀਵਾਂ ਨੂੰ ਸਤਿ-ਮਾਰਗ 'ਤੇ ਚੱਲਣ ਦਾ ਉਪਦੇਸ਼ ਦਿੱਤਾ। ਕ੍ਰਾਂਤੀਕਾਰੀ, ਸਮਾਜਵਾਦੀ, ਕਲਿਆਣਕਾਰੀ ਅਤੇ ਪ੍ਰਮਾਰਥੀ ਉਪਦੇਸ਼ਾਂ ਨੂੰ ਸਰਵਣ ਕਰਕੇ ਅਣਗਿਣਤ ਰਾਜੇ ਮਹਾਰਾਜੇ ਅਤੇ ਸਾਰੇ ਵਰਗਾਂ ਦੇ ਲੋਕ ਆਪ ਜੀ ਦੇ ਚਰਨ ਕਮਲਾਂ ਵਿੱਚ ਆਣ ਝੁਕੇ। ਹਾੜ੍ਹ ਦੀ ਸੰਗਰਾਂਦ 1584 ਬਿਕਰਮੀ ਸੰਮਤ 1528 ਈ. ਨੂੰ ਬਨਾਰਸ ਵਿਖੇ ਜੋਤੀ-ਜੋਤ ਸਮਾਏ। ਜਗਤਗੁਰੂ ਰਵਿਦਾਸ ਜੀ ਨੂੰ ਭਗਤੀ ਦਾ ਸਿਰਮੌਰ ਸਮਝਦੇ ਹੋਏ ਸਤਿਗੁਰੂ ਕਬੀਰ ਸਾਹਿਬ ਜੀ ਫ਼ਰਮਾਉਂਦੇ ਹਨ:

**ਸਾਧਨ ਮੇਂ ਰਵਿਦਾਸ ਸੰਤ ਹੈ ਸੁਪਚ ਰਿਸੀ ਸੋ ਮਾਨਿਆ**
**ਹਿੰਦੂ ਤੁਰਕ ਦੁਈ ਦੀਨ ਬਨੇ ਹੈ ਕਛੂ ਨਹੀਂ ਪਹਿਚਾਨਿਆ॥**

ਭਾਵ-ਸੰਤਾਂ ਵਿੱਚ ਮਹਾਨ ਸੰਤ ਗੁਰੂ ਰਵਿਦਾਸ ਮਹਾਰਾਜ ਜੀ ਹਨ, ਜਿਨ੍ਹਾਂ ਨੂੰ

ਦੁਨੀਆਂ ਇੱਕ ਮਹਾਨ ਰਿਸ਼ੀ ਮੰਨਦੀ ਹੈ। ਤਤਕਾਲੀ ਸਮੇਂ ਦੇ ਹਿੰਦੂ ਅਤੇ ਮੁਸਲਮਾਨ ਦੋਨੋਂ ਹੀ ਚਰਨੀ ਪਏ ਅਤੇ ਜਗਤਗੁਰੂ ਰਵਿਦਾਸ ਮਹਾਰਾਜ ਜੀ ਨੂੰ ਪ੍ਰਭੂ ਕਰਕੇ ਜਾਣਿਆ। ਜਗਤਗੁਰੂ ਰਵਿਦਾਸ ਜੀ ਦੇ ਮਾਨਵਤਾ ਪ੍ਰਤੀ ਉਪਕਾਰ ਨੂੰ ਆਪਣੀ ਬਾਣੀ ਰਾਹੀਂ ਸੰਤ ਪੀਪਾ ਜੀ ਇਸ ਤਰ੍ਹਾਂ ਉਚਾਰਦੇ ਹਨ:-

**ਜੇ ਕਲਿ ਰੈਦਾਸ ਕਬੀਰ ਨ ਹੋਤੇ ਲੋਕ ਵੇਦ ਅਰੁ ਕਲਿਜੁਗ**
**ਮਿਲਿ ਕਰ ਭਗਤਿ ਰਸਾਤਲ ਦੇਤੇ।**

ਭਾਵ ਜੇਕਰ ਸਤਿਗੁਰੂ ਰਵਿਦਾਸ ਜੀ ਅਤੇ ਸਤਿਗੁਰੂ ਕਬੀਰ ਜੀ ਲੋੜ ਸਮੇਂ ਨਾ ਆਉਂਦੇ ਤਾਂ ਤਤਕਾਲੀ ਉੱਚ ਵਰਗ, ਵੇਦ ਅਤੇ ਕਲਯੁਗੀ ਵਿਚਾਰਧਾਰਾ ਨੇ ਭਗਤੀ ਨੂੰ ਪਤਾਲ ਵਿੱਚ ਦਫ਼ਨ ਕਰ ਦੇਣਾ ਸੀ

**ਰਵਿਦਾਸ ਚਮਾਰੁ ਉਸਤਤਿ ਕਰੇ**
**ਹਰਿ ਕੀਰਤਿ ਨਿਮਖ ਇਕ ਗਾਇ॥**
**ਪਤਿਤ ਜਾਤਿ ਉਤਮੁ ਭਾਇਆ**
**ਚਾਰਿ ਵਰਨ ਪਏ ਪਗਿ ਆਇ॥**

ਸਤਿਗੁਰੂ ਰਾਮਦਾਸ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਸਤਿਗੁਰੂ ਰਵਿਦਾਸ ਮਹਾਰਾਜ ਜੀ ਨੇ ਹਰਿ ਦੀ ਐਸੀ ਭਗਤੀ ਤੇ ਉਸਤਤ ਕੀਤੀ ਕਿ ਉਹ ਰੱਬ ਦੇ ਰੂਪ ਹੋ ਗਏ। ਦੁਨੀਆਂ ਦੀ ਨਜ਼ਰ ਵਿਚ (ਕਹਿਣ ਮਾਤਰ ਲਈ) ਤਾਂ ਉਹ ਨੀਚ ਸਨ, ਪਰੰਤੂ ਉਨ੍ਹਾਂ ਦੀ ਬੰਦਗੀ ਤੇ ਰੂਹਾਨੀਅਤ ਕਾਰਨ ਮਹਾਨ ਬਣੇ ਅਤੇ ਚਾਰ ਵਰਣਾਂ ਦੇ ਲੋਕ ਉਹਨਾਂ ਦੇ ਚਰਨੀਂ ਢਹਿ ਪਏ। ਸਤਿਗੁਰੂ ਅਰਜਨ ਦੇਵ ਜੀ ਆਪ ਜੀ ਦੀ ਉਸਤਤ ਕਰਦੇ ਹੋਏ ਫ਼ਰਮਾਉਂਦੇ ਹਨ:-

**ਊਚ ਤੇ ਊਚ ਨਾਮਦੇਉ ਸਮਦਰਸੀ।**
**ਰਵਿਦਾਸ ਠਾਕੁਰ ਬਣਿ ਆਈ॥**

ਭਾਵ-ਉੱਚੇ ਤੋਂ ਉੱਚੇ ਸਮਦ੍ਰਿਸ਼ਟੀ ਵਾਲੇ ਸਤਿਗੁਰੂ ਨਾਮਦੇਵ ਮਹਾਰਾਜ ਜੀ ਹੋਏ ਹਨ ਅਤੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਆਪ ਇਸ ਸੰਸਾਰ ਵਿਚ ਪ੍ਰਭੂ ਬਣ ਕੇ ਆਏ। ਜਗਤਗੁਰੂ ਰਵਿਦਾਸ ਮਹਾਰਾਜ ਜੀ ਅੰਮ੍ਰਿਤਬਾਣੀ ਅੰਦਰ ਉਚਾਰਨ ਕਰਦੇ ਹਨ:-

**ਮੇਰੀ ਜਾਤਿ ਕੁਟ ਬਾਂਡਲਾ ਢੋਰ ਢੋਵੰਤਾ।**
**ਨਿਤਹਿ ਬਨਾਰਸੀ ਆਸ ਪਾਸਾ॥**
**ਅਬ ਬਿਪ੍ਰ ਪਰਧਾਨੁ ਤਿਹਿ ਕਰਹਿ ਡੰਡਉਤਿ।**
**ਤੇਰੇ ਨਾਮ ਸਰਣਾਇ ਰਵਿਦਾਸ ਦਾਸਾ॥**

ਭਾਵ ਮੇਰਾ ਜਨਮ ਉਨ੍ਹਾਂ ਵਿਚ ਹੋਇਆ ਜੋ ਬਨਾਰਸ ਦੇ ਆਸ-ਪਾਸ ਨਿਤਪ੍ਰਤੀ ਮਰੇ ਹੋਏ ਪਸ਼ੂ ਢੋਂਦੇ ਸਨ, ਪਰ ਮੈਂ ਪ੍ਰਭੂ ਦੇ ਨਾਮ ਦੀ ਸ਼ਰਨ ਲਈ ਹੈ। ਅੱਜ ਬਿਪ੍ਰਾਂ ਦੇ ਪ੍ਰਧਾਨ ਲੋਕ ਮੈਨੂੰ ਡੰਡੇ ਵਾਂਗ ਸਿੱਧੇ ਲੇਟ ਕੇ ਨਮਸਕਾਰਾਂ ਕਰਦੇ ਹਨ। ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ ਕਲਿਆਣਕਾਰੀ ਉਪਦੇਸ਼ਾਂ ਨੂੰ ਸਰਵਣ ਕਰਕੇ ਸੰਤ ਸਧਨਾ ਜੀ, ਸੰਤ

ਪਰਮਾਨੰਦ ਜੀ, ਸੰਤ ਕਮਾਲੀ ਜੀ, ਸੰਤ ਮੀਰਾਂ ਬਾਈ, ਸੰਤ ਗੋਰਖ ਨਾਥ ਜੀ, ਸੰਤ ਨਰਸਿੰਘ ਮਹਿਤਾ, **ਰਾਜਾ ਨਾਗਰ ਮੱਲ (ਹਰਦੇਵ ਸਿੰਘ), ਰਾਣਾ ਵੀਰ ਬਘੇਲ ਸਿੰਘ, ਰਾਜਾ ਸਿਕੰਦਰ ਲੋਧੀ,** ਰਾਜਾ ਬਾਬਰ, **ਮਹਾਰਾਣਾ ਸੰਗਰਾਮ ਸਿੰਘ (ਰਾਣਾ ਸਾਂਗਾ), ਰਾਜਾ ਚੰਦਰ ਪ੍ਰਤਾਪ, ਰਾਜਾ ਅਲਾਵਦੀ ਬਾਦਸ਼ਾਹ, ਰਾਜਾ ਬਿਜਲੀ ਖਾਨ, ਰਾਣਾ ਰਤਨ ਸਿੰਘ, ਮਹਾਰਾਣਾ ਕੁੰਭਾ ਜੀ, ਮਹਾਰਾਣੀ ਝਾਲਾਬਾਈ, ਰਾਜਾ ਬੈਨ ਸਿੰਘ, ਰਾਜਾ ਵਿਜੈ ਪਾਲ ਸਿੰਘ, ਬੀਬੀ ਕਰਮਾਂ ਬਾਈ ਜੀ, ਬੀਬੀ ਭਾਨ ਮਤੀ ਜੀ ਸਹਿਤ** ਅਨਗਿਣਤ ਲੋਕ ਸੇਵਕ ਬਣੇ।

**ਮਾਨਵਤਾ ਦੇ ਮਸੀਹਾ ਡਾ. ਭੀਮ ਰਾਓ ਅੰਬੇਡਕਰ ਸਾਹਿਬ ਜੀ ਨੇ ਭਾਰਤੀ ਸੰਵਿਧਾਨ ਦੀ ਰਚਨਾ ਸਤਿਗੁਰੂ ਜੀ ਦੇ ਸ਼ਬਦ 'ਬੇਗਮਪੁਰਾ ਸਹਰ ਕੋ ਨਾਉਂ' ਦੇ ਮਾਨਵੀ ਅਧਿਕਾਰਾਂ ਦੇ ਸਿਧਾਂਤਾਂ 'ਤੇ ਕੀਤੀ। ਉਸੇ ਪ੍ਰਕਾਰ ਯੂ. ਐਨ. ਓ. ਨੇ ਟੋਰਾਂਟੋ (ਕੈਨੇਡਾ) ਵਿਚ ਐਲਾਨ ਕੀਤਾ ਕਿ ਸੰਸਾਰ ਵਿਚ ਸਾਰੇ ਨਾਗਰਿਕ ਅਧਿਕਾਰ ਅਤੇ ਸੰਸਾਰ ਦੀ ਵਿਵਸਥਾ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪਾਵਨ ਸ਼ਬਦ 'ਬੇਗਮਪੁਰਾ ਸਹਰ ਕੋ ਨਾਉਂ' ਦੇ ਆਧਾਰ 'ਤੇ ਹੋਵੇਗੀ।**

**ਰਵਿਦਾਸ ਸੋਇ ਸਾਧੂ ਭਲੋ,ਜਉ ਰਹਹਿ ਸਦ ਨਿਰਵੈਰ।**
**ਸੁਖਦਾਈ ਸਮਤਾ ਗਹੇਇ ਸਭਨਹ ਮਾਂਗਹਿ ਖੈਰ॥**

ਐਸੇ ਮਹਾਨ ਪਰਉਪਕਾਰੀ, ਤਪੱਸਵੀ, ਬ੍ਰਹਮ ਗਿਆਨੀ ਸਤਿਗੁਰੂ ਸੁਆਮੀ ਸਰਵਣ ਦਾਸ ਜੀ ਮਹਾਰਾਜ ਜੀ ਜਿਹਨਾਂ ਨੇ ਜਿੱਥੇ ਬੱਲਾਂ ਦੀ ਪਾਵਨ ਧਰਤੀ 'ਤੇ ਸਵਾਸ-ਸਵਾਸ ਪ੍ਰਭੂ ਦਾ ਸਿਮਰਨ ਕੀਤਾ ਅਤੇ ਸੰਸਾਰੀ ਜੀਵਾਂ ਨੂੰ ਪ੍ਰਭੂ ਦਾ ਸਿਮਰਨ ਕਰਵਾਇਆ। ਆਪ ਜੀ ਹਮੇਸ਼ਾਂ ਸੰਗਤਾਂ ਨੂੰ ਵਿੱਦਿਆ ਪੜ੍ਹਾਉਣ ਦਾ ਅਤੇ ਮਾਤਾ ਪਿਤਾ ਦੀ ਸੇਵਾ ਕਰਨ, ਵੱਡਿਆਂ ਦਾ ਸਤਿਕਾਰ ਕਰਨ ਦਾ ਪਾਵਨ ਉਪਦੇਸ਼ ਦਿਆ ਕਰਦੇ ਸਨ। ਸਤਿਗੁਰੂ ਸੁਆਮੀ ਸਰਵਣ ਦਾਸ ਜੀ ਮਹਾਰਾਜ ਨੇ ਪਿੰਡ ਬੱਲਾਂ ਵਿਖੇ ਡੇਰੇ ਦੀ ਉਸਾਰੀ ਕਰਵਾਈ। **2 ਫਰਵਰੀ 1964 ਨੂੰ ਡੇਰਾ ਰਵਿਦਾਸੀਆਂ ਦਾ ਲਿਖ ਕੇ ਸਮਾਜ ਦੀ ਪਹਿਚਾਣ ਨੂੰ ਅਗਾਂਹ ਤੋਰਿਆਂ ਅਤੇ ਉਚਾਰਿਆ ਕਿ ਇੱਕ ਦਿਨ** ਕੌਮ ਦਾ ਆਪਣਾ ਧਰਮ ਅਤੇ **ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਦਾ ਗ੍ਰੰਥ ਬਣੇਗਾ।** ਸਤਿਗੁਰੂ ਸਰਵਣ ਦਾਸ ਮਹਾਰਾਜ ਜੀ ਨੇ ਸਦੀਆਂ ਤੋਂ ਬਾਅਦ ਆਪਣੀ ਦਿਵ ਦ੍ਰਿਸ਼ਟੀ ਰਾਹੀਂ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ ਜਨਮ ਅਸਥਾਨ ਦੀ ਖੋਜ ਕੀਤੀ ਅਤੇ ਹਾੜ੍ਹ ਦੀ ਸੰਗਰਾਂਦ 1965 ਈ. ਨੂੰ ਸ਼੍ਰੀ 108 ਸੰਤ ਹਰੀ ਦਾਸ ਮਹਾਰਾਜ ਜੀ ਪਾਸੋਂ-ਨੀਂਹ-ਪੱਥਰ ਰਖਵਾਏ ਅਤੇ ਸ਼੍ਰੀ 108 ਸੰਤ ਗਰੀਬ ਦਾਸ ਮਹਾਰਾਜ ਜੀ ਤੋਂ ਉਸਾਰੀ ਦੇ ਕਾਰਜ ਕਰਵਾ ਕੇ ਸਮਾਜ ਨੂੰ ਇੱਕ ਮਹਾਨ ਤੀਰਥ ਅਸਥਾਨ ਬਖ਼ਸ਼ਿਸ਼ ਕੀਤਾ 7 ਅਪ੍ਰੈਲ 1994 ਈ. ਨੂੰ ਇਸ ਮੰਦਰ ਦੇ ਗੁੰਬਦ ਉਪਰ 7 ਫੁੱਟ ਸੋਨੇ ਦਾ ਕਲਸ਼ ਸੁਸ਼ੋਭਿਤ ਕੀਤਾ, ਜਿਸ ਦਾ ਉਦਘਾਟਨ ਬਸਪਾ ਸੁਪਰੀਮੋ ਸਾਹਿਬ ਬਾਬੂ ਕਾਂਸੀ ਰਾਮ ਜੀ ਨੇ ਕੀਤਾ

ਅਤੇ ਉਚਾਰਨ ਕੀਤਾ ਇਸ ਸਥਾਨ ਤੇ ਸੰਗਤਾਂ ਵਿਸ਼ਵ ਪੱਧਰ ਤੋਂ ਇਕੱਠੀਆਂ ਹੋਇਆ ਕਰਨਗੀਆਂ।

24 ਮਈ ਮਾਨਵ ਵਿਰੋਧੀਆਂ ਨੇ ਸ਼੍ਰੀ ਗੁਰੂ ਰਵਿਦਾਸ ਟੈਂਪਲ ਵਿਆਨਾ ਵਿਖੇ ਹਮਲਾ ਕੀਤਾ। 25 ਮਈ ਨੂੰ ਅੰਮ੍ਰਿਤ ਵੇਲੇ ਰਵਿਦਾਸੀਆ ਕੌਮ ਲਈ ਸੰਤ ਰਾਮਾ ਨੰਦ ਮਹਾਰਾਜ ਜੀ ਸ਼ਹਾਦਤ ਦਾ ਜਾਮ ਪੀਂਦੇ ਹੋਏ ਬ੍ਰਹਮਲੀਨ ਹੋ ਗਏ। ਰਵਿਦਾਸੀਆ ਕੌਮ ਨੇ ਪੂਰੇ ਵਿਸ਼ਵ ਵਿੱਚ ਰੋਸ ਪ੍ਰਗਟ ਕਰਕੇ ਆਪਣੀ ਤਾਕਤ ਦਾ ਪਤਾ ਲਗਾਇਆ, ਜਿਸ ਵਿਚੋਂ 25 ਕਰੋੜ ਤੋਂ ਵੱਧ ਗਿਣਤੀ ਵਿਚ ਰਵਿਦਾਸੀਆ ਕੌਮ ਨੂੰ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ 633ਵੇਂ ਆਗਮਨ ਪੁਰਬ 'ਤੇ ਹਜ਼ਾਰਾਂ ਦੀ ਗਿਣਤੀ ਵਿਚ ਸੰਤ ਸਮਾਜ ਅਤੇ ਲੱਖਾਂ ਦੀ ਗਿਣਤੀ ਵਿਚ ਸ਼੍ਰੀ ਗੁਰੂ ਰਵਿਦਾਸ ਜਨਮ ਅਸਥਾਨ ਮੰਦਰ ਤੋਂ ਰਵਿਦਾਸੀਆ ਧਰਮ ਦੇ ਨਾਂ ਨਾਲ ਪਹਿਚਾਣ ਮਿਲੀ ਅਤੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਨੇ ਇਸ ਸਦੀ ਦੇ ਸਭ ਤੋਂ ਵੱਡੇ ਚੰਦਰਮਾ ਵਿਚ ਦਰਸ਼ਨ ਦੇ ਕੇ ਆਸ਼ੀਰਵਾਦ ਦਿੱਤੇ। ਰਵਿਦਾਸੀਆ ਧਰਮ ਦਾ ਪ੍ਰਚਾਰ ਪ੍ਰਸਾਰ ਸਾਰੇ ਵਿਸ਼ਵ ਵਿੱਚ ਹੋ ਰਿਹਾ ਹੈ ਅਤੇ ਅੰਮ੍ਰਿਤਬਾਣੀ ਗ੍ਰੰਥ ਦੇ ਪ੍ਰਕਾਸ਼ ਲੱਖਾਂ ਦੀ ਗਿਣਤੀ ਵਿੱਚ ਪੂਰੇ ਵਿਸ਼ਵ ਵਿੱਚ ਹੋ ਰਹੇ ਹਨ। ਅੰਮ੍ਰਿਤਬਾਣੀ ਗ੍ਰੰਥ ਦੀ ਵਿਆਖਿਆ ਪੰਜਾਬੀ, ਹਿੰਦੀ, ਕੰਨੜ, ਗੁਜਰਾਤੀ, ਬੰਗਾਲੀ, ਅੰਗਰੇਜ਼ੀ, ਮਰਾਠੀ, ਡੱਚ, ਇਟਾਲੀਅਨ, ਸਪੈਨਿਸ਼, ਫਰੈਂਚ, ਗਰੀਕੀ ਅਤੇ ਹੋਰ ਅਨੇਕਾਂ ਭਾਸ਼ਾਵਾਂ ਵਿੱਚ ਹੋ ਚੁਕੀ ਹੈ। ਸੁਖਸਾਗਰ ਗੁਟਕੇ ਅਨੇਕਾਂ ਭਾਸ਼ਾਵਾਂ ਵਿਚ ਲੱਖਾਂ ਦੀ ਗਿਣਤੀ ਵਿੱਚ ਪ੍ਰਕਾਸ਼ਿਤ ਹੋ ਚੁੱਕੇ ਹਨ।

ਇਸ ਪੁਸਤਕ ਦੀ ਪਰੂਫ ਰੀਡਿੰਗ ਡਾ.ਰਮਨ ਦਾਦਰਾ (ਐਮ.ਏ,ਪੀ.ਐਚ.ਡੀ), ਮਿਸ ਲਖਵੀਰ ਕੌਰ (ਐਮ.ਏ), ਡਾ. ਰੀਨਾ ਵਿਰਦੀ ਅਤੇ ਪ੍ਰੋ.ਸੀਮਾ ਵਿਰਦੀ ਨੇ ਕੀਤੀ ਹੈ। ਸ਼੍ਰੀ ਸਾਧੂ ਰਾਮ ਹੀਰ (ਰਿਟਾ. ਚੀਫ ਇੰਜੀਨੀਅਰ ਨੌਰਥ ਜ਼ੋਨ ਦੂਰਦਰਸ਼ਨ) ਤੇ ਸ਼੍ਰੀ ਕਾਂਸ਼ੀ ਰਾਮ ਕਲੇਰ, ਪਰਵਾਨ ਦਾ ਵੀ ਵਿਸ਼ੇਸ਼ ਧੰਨਵਾਦੀ ਹਾਂ।

ਪੁਸਤਕ 'ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ (ਸਟੀਕ)' ਸੰਗਤਾਂ ਨੂੰ ਭੇਂਟ ਕਰਦੇ ਹਾਂ ਅਤੇ ਆਸ ਕਰਦੇ ਹਾਂ ਕਿ ਸੰਗਤਾਂ ਇਸ ਤੋਂ ਭਰਪੂਰ ਲਾਭ ਪ੍ਰਾਪਤ ਕਰਕੇ ਆਪਣਾ ਜੀਵਨ ਸਫ਼ਲ ਕਰਨਗੀਆਂ ਅਤੇ ਰਵਿਦਾਸੀਆ ਧਰਮ ਦੇ ਪ੍ਰਚਾਰ ਪ੍ਰਸਾਰ ਹਿੱਤ ਆਪਣਾ ਯੋਗਦਾਨ ਪਾਉਣਗੀਆਂ।

**ਜੈ ਗੁਰਦੇਵ।**

**ਗੁਰੂ ਚਰਨਾਂ ਦਾ ਦਾਸ**
**ਸੰਤ ਸੁਰਿੰਦਰ ਦਾਸ ਬਾਵਾ**
**ਚੇਅਰਮੈਨ:- ਰਵਿਦਾਸੀਆ ਧਰਮ ਪ੍ਰਚਾਰਕ ਸੰਤ ਸਮਾਜ ਸੁਸਾਇਟੀ (ਰਜਿ.)**
**ਅੰਤਰ-ਰਾਸ਼ਟਰੀ ਜਗਤਗੁਰੂ ਰਵਿਦਾਸ ਸਾਹਿਤ ਸੰਸਥਾ (ਰਜਿ.)**

# ਰਵਿਦਾਸੀਆ ਧਰਮ ਪ੍ਰਚਾਰ ਅਸਥਾਨ ਕਾਹਨਪੁਰ ਦਾ ਸੰਖੇਪ ਇਤਿਹਾਸ

ਰਵਿਦਾਸੀਆ ਧਰਮ ਪ੍ਰਚਾਰ ਅਸਥਾਨ ਕਾਹਨਪੁਰ ਜ਼ਿਲ੍ਹਾ ਜਲੰਧਰ ਤੋਂ ਪਠਾਨਕੋਟ ਜਾਂਦੀ ਜਰਨੈਲੀ ਸੜਕ 'ਤੇ ਸਥਿਤ ਹੈ। ਇਸ ਅਸਥਾਨ ਦੀ ਉਸਾਰੀ ਇਥੋਂ ਦੇ ਸਰਪ੍ਰਸਤ ਰਵਿਦਾਸੀਆ ਧਰਮ ਦੇ ਅਨਮੋਲ ਹੀਰੇ ਸੰਤ ਸੁਰਿੰਦਰ ਦਾਸ ਬਾਵਾ ਜੀ ਨੇ ਕਰਵਾਈ ਜਿਸ ਦਾ ਨੀਂਹ ਪੱਥਰ ਸੰਤ ਸਮਾਜ ਅਤੇ ਸੰਗਤਾਂ ਦੀ ਹਾਜ਼ਰੀ ਵਿਚ ਸਤਿਕਾਰਯੋਗ ਸੰਤ ਬੀਬੀ ਕ੍ਰਿਸ਼ਨਾ ਦੇਵੀ ਜੀ(ਗੱਦੀਨਸ਼ੀਨ) ਡੇਰਾ ਸੰਤ ਹਰੀਦਾਸ ਮਹਾਰਾਜ ਜੀ ਬੋਪਾਰਾਏ ਕਲਾਂ ਵਾਲਿਆਂ ਨੇ ਆਪਣੇ ਕਰ ਕਮਲਾਂ ਨਾਲ 27 ਮਾਰਚ 2014 ਨੂੰ ਰੱਖਿਆ,ਜਿਸ ਲਈ ਇਕ ਪਲਾਟ ਬੀਬੀ ਸ਼ਕੁੰਤਲਾ ਸੁਪਤਨੀ ਸਵ. ਸ਼੍ਰੀ ਮੋਹਣ ਲਾਲ ਕਾਹਨਪੁਰ ਦੇ ਪਰਿਵਾਰ ਵੱਲੋਂ ਦਾਨ ਵਜੋਂ ਦਿੱਤਾ ਗਿਆ। ਇਸ ਸਮੇਂ ਇਲਾਕੇ ਦੀਆਂ ਸੰਗਤਾਂ ਵਿਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਸੀ। ਇਹੋ ਹੀ ਕਾਰਨ ਹੈ ਕਿ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੀਆਂ ਨਾਮਲੇਵਾ ਸੰਗਤਾਂ ਨੇ ਕਾਰ ਸੇਵਾ ਰਾਹੀਂ ਸਾਲਾਂ ਵਿਚ ਹੋਣ ਵਾਲੇ ਕੰਮ ਨੂੰ ਮਹੀਨਿਆਂ ਵਿਚ ਕਰਕੇ ਤਿਆਰ ਕੀਤਾ।ਅੱਜ ਇਸ ਅਸਥਾਨ 'ਤੇ ਦੂਰ ਦੁਰਾਡੇ ਤੋਂ ਸੰਤ ਮਹਾਂਪੁਰਸ਼, ਸਮਾਜਿਕ ਤੇ ਧਾਰਮਿਕ ਸਭਾਵਾਂ ਜਗਤਗੁਰੂ ਰਵਿਦਾਸ ਮਹਾਰਾਜ ਜੀ ਨਾਮਲੇਵਾ ਸੰਗਤਾਂ ਪਹੁੰਚਦੀਆਂ ਹਨ। ਇੱਕ ਛੋਟੇ ਜਿਹੇ ਪਿੰਡ ਵਿਚ ਬੁਲੰਦੀਆਂ ਨੂੰ ਛੂੰਹਦਾ ਇਹ ਅਸਥਾਨ ਪੂਰੇ ਵਿਸ਼ਵ ਵਿਚ ਆਪਣੀਆਂ ਕਿਰਨਾਂ ਬਿਖੇਰ ਰਿਹਾ ਹੈ। ਸੰਗਤਾਂ ਵਿਚ ਵਧਦੇ ਹੋਏ ਪ੍ਰਚਾਰ ਅਤੇ ਪ੍ਰਸਾਰ ਨੂੰ ਦੇਖਦੇ ਹੋਏ ਯੂਰਪ ਦੀਆਂ ਸੰਗਤਾਂ ਵਲੋਂ ਇਸ ਅਸਥਾਨ ਦੇ ਸੰਸਥਾਪਕ ਸੰਤ ਸੁਰਿੰਦਰ ਦਾਸ ਬਾਵਾ ਜੀ ਨੂੰ ਇਕ ਸਫ਼ਾਰੀ ਗੱਡੀ 01-01-15 ਨੂੰ ਭੇਂਟ ਕੀਤੀ ਗਈ ਤਾਂ ਕਿ ਪ੍ਰਚਾਰ ਅਤੇ ਪ੍ਰਸਾਰ ਦਾ ਕੰਮ ਹੋਰ ਤੇਜ਼ ਹੋ ਸਕੇ। ਦੋ ਮੰਜ਼ਲੀ ਵੱਡੇ ਹਾਲ ਵਿਚ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ ਨਾਮ 'ਤੇ ਇਕ ਸੰਗੀਤ ਅਕੈਡਮੀ ਖੋਲ੍ਹੀ ਗਈ ਹੈ, ਜਿਸ ਵਿਚ ਸੰਗੀਤ ਦੇ ਧਨੀ ਅਧਿਆਪਕ ਹਰਮੋਨੀਅਮ ਅਤੇ ਤਬਲੇ ਬਾਰੇ ਵਿਸ਼ੇਸ਼ ਸਿੱਖਿਆ ਦੇ ਰਹੇ ਹਨ, ਜਿਸ ਵਿਚ ਕਰੀਬ 50 ਲੜਕੇ-ਲੜਕੀਆਂ ਅਕੈਡਮੀ ਦਾ ਲਾਹਾ ਲੈ ਰਹੇ ਹਨ ਜਿਸ ਦਾ ਸਾਰਾ ਖਰਚਾ ਸੰਤ ਸੁਰਿੰਦਰ ਦਾਸ ਬਾਵਾ ਜੀ ਵਲੋਂ ਸੰਗਤਾਂ ਦੇ ਸਹਿਯੋਗ ਸਦਕਾ ਕੀਤਾ ਜਾ ਰਿਹਾ ਹੈ। ਰਵਿਦਾਸੀਆ ਧਰਮ ਪ੍ਰਚਾਰ ਅਸਥਾਨ 'ਤੇ ਦੁਖੀਆਂ ਰੋਗੀਆਂ ਦੀ ਮਾਇਕ ਮਦਦ ਦਵਾਈਆਂ ਆਦਿ ਰਾਹੀ ਕੀਤੀ ਜਾਂਦੀ ਹੈ। ਬੇਰੁਜ਼ਗਾਰ ਬੱਚਿਆਂ ਨੂੰ ਸੇਧ ਦੇ ਕੇ ਵੱਖਰੇ-ਵੱਖਰੇ ਕੋਰਸਾਂ ਅਤੇ ਕਿੱਤਾ-ਮੁਖੀ ਕੋਰਸਾਂ ਨਾਲ ਜੋੜਿਆ ਜਾਂਦਾ ਹੈ ਅਤੇ ਆਰਥਿਕ ਸਹਾਇਤਾ ਵੀ ਕੀਤੀ ਜਾਂਦੀ ਹੈ।

ਪਿੰਡ ਕਾਹਨਪੁਰ ਵਿਖੇ ਬਾਬਾ ਪਿੱਪਲ ਦਾਸ ਮਹਾਰਾਜ ਜੀ ਬਾਲਕ ਸੰਤ ਸਰਵਣ ਦਾਸ ਜੀ ਨੂੰ ਨਾਲ ਲੈ ਕੇ ਸਭ ਤੋਂ ਪਹਿਲਾਂ ਆਏ। ਜਦੋਂ ਕੁਟੀਆ ਬਨਾਉਣ ਲਈ ਨੀਂਹ

ਪੁੱਟਣੀ ਸ਼ੁਰੂ ਕੀਤੀ ਤਾਂ ਉਥੋਂ ਡਮੂੰਹੀ ਨਿਕਲੀ ਮਹਾਰਾਜ ਨੇ ਕਿਹਾ ਕਿ ਅਸੀਂ ਕਿਸੇ ਦਾ ਘਰ ਉਜਾੜ ਕੇ ਆਪਣਾ ਘਰ ਕਿਵੇਂ ਬਣਾ ਸਕਦੇ ਹਾਂ, ਇਹ ਬੋਲ ਕੇ ਅਗਲੇ ਪਿੰਡ ਚਲੇ ਗਏ ਅਤੇ ਬਚਨ ਕੀਤੇ ਅਸੀਂ ਫਿਰ ਆਵਾਂਗੇ, ਆਪਣਾ ਅਸਥਾਨ ਬਣਾਵਾਂਗੇ। ਸ਼੍ਰੀ ਸੰਤ ਸੁਰਿੰਦਰ ਦਾਸ ਬਾਵਾ ਜੀ ਦੇ ਪਿਤਾ ਸ਼੍ਰੀ ਗੁਰਦਾਸ ਰਾਮ ਜੀ ਤੇ ਬੀਬੀ ਗੁਰਬਚਨ ਕੌਰ ਸਤਿਗੁਰੂ ਸਰਵਣ ਦਾਸ ਮਹਾਰਾਜ ਜੀ ਦੇ ਸ਼ਰਧਾਲੂ ਸਨ। ਇਨ੍ਹਾਂ ਦੇ ਗ੍ਰਿਹਿ ਵਿਖੇ ਸਤਿਗੁਰੂ ਜੀ ਕਈ ਰਾਤਾਂ ਰੁਕੇ। ਇਕ ਸਮੇਂ 1972 ਈ: ਨੂੰ ਬੀਬੀ ਗੁਰਬਚਨ ਕੌਰ ਬਿਮਾਰ ਹੋ ਗਏ। ਡਾਕਟਰਾਂ ਨੇ ਜਵਾਬ ਦੇ ਦਿੱਤਾ। ਸਤਿਗੁਰੂ ਜੀ ਨੇ ਆਪ ਸੰਗਤਾਂ ਸਮੇਤ ਸਿਵਲ ਹਸਪਤਾਲ ਜਲੰਧਰ ਜਾ ਕੇ ਬੀਬੀ ਗੁਰਬਚਨ ਕੌਰ ਦੀ ਜਾਨ ਬਚਾਈ ਅਤੇ ਵਰ ਦਿੱਤਾ ਕਿ ਇਸ ਪੁੱਤਰ ਨੂੰ ਨਹੀਂ ਰੋਣਾ ਤੇਰੇ ਦੋ ਪੁੱਤਰ ਹੋਰ ਹੋਣਗੇ। ਬੀਬੀ ਜੀ ਨੇ ਉਸ ਸਮੇਂ ਹੀ ਵੱਡੇ ਸਪੁੱਤਰ ਨੂੰ ਸਤਿਗੁਰੂ ਸਰਵਣ ਦਾਸ ਜੀ ਦੇ ਚਰਨਾਂ ਵਿਚ ਭੇਂਟ ਕੀਤਾ।

ਸੇਵਾ ਭਾਵਨਾ ਦੀ ਗੁੜ੍ਹਤੀ ਆਪ ਜੀ ਨੂੰ ਮਾਤਾ-ਪਿਤਾ ਜੀ ਵਲੋਂ ਹੀ ਪ੍ਰਾਪਤ ਹੋਈ ਹੈ। ਆਪ ਜੀ ਦੇ ਸਤਿਕਾਰਯੋਗ ਮਾਤਾ-ਪਿਤਾ ਸਤਿਗੁਰੂ ਸਰਵਣ ਦਾਸ ਜੀ ਦੇ ਅਨਿੰਨ ਸ਼ਰਧਾਲੂ ਸਨ ਅਤੇ ਸਤਿਗੁਰੂ ਸਰਵਣ ਦਾਸ ਮਹਾਰਾਜ ਜੀ ਦਾ ਪੂਰਾ ਆਸ਼ੀਰਵਾਦ ਆਪ ਜੀ ਦੇ ਪਿਤਾ (ਦੁਨਿਆਵੀ) ਸ਼੍ਰੀ ਗੁਰਦਾਸ ਰਾਮ ਜੀ ਨੂੰ ਪ੍ਰਾਪਤ ਸੀ। ਜਿਸ ਦੀ ਇਕ ਮਿਸਾਲ ਆਪ ਜੀ ਨੂੰ ਇੱਥੇ ਦੱਸ ਰਹੇ ਹਾਂ ਕਿ ਜਿਸ ਵਕਤ ਸੁਆਮੀ ਸਰਵਣ ਦਾਸ ਜੀ ਮਹਾਰਾਜ 11 ਜੂਨ 1972 ਨੂੰ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਕੇ ਚੋਲਾ ਛੱਡ ਕੇ ਬ੍ਰਹਮਲੀਨ ਹੋ ਗਏ। ਸੰਸਕਾਰ ਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਸਨ। ਦੇਸਾਂ ਪ੍ਰਦੇਸਾਂ ਤੋਂ ਸੰਗਤਾਂ ਸਤਿਗੁਰੂ ਜੀ ਦੇ ਅੰਤਿਮ ਦਰਸ਼ਨਾਂ ਲਈ ਜੁੜੀਆਂ ਹੋਈਆਂ ਸਨ। ਚਿਖਾ ਨੂੰ ਅਗਨੀ ਭੇਂਟ ਕਰਨ ਦੀਆਂ ਤਿਆਰੀਆਂ ਸਨ। ਚਿਖਾ ਵਿਚ ਦੇਸੀ ਘਿਓ, ਚੰਦਨ ਦੀ ਲੱਕੜੀ, ਧੂਫ਼, ਠੂਠੀ, ਸਮੱਗਰੀ ਆਦਿ ਪਾਇਆ ਜਾ ਰਿਹਾ ਸੀ। ਅਗਨੀ ਭੇਂਟ ਕਰਨ ਲਈ ਅਰਦਾਸ ਸਮਾਪਤ ਹੋ ਚੁੱਕੀ ਸੀ। ਉੱਥੇ ਮੌਜੂਦ ਵਿਅਕਤੀਆਂ ਮੁਤਾਬਕ ਬ੍ਰਹਮਲੀਨ ਸੁਆਮੀ ਸਰਵਣ ਦਾਸ ਮਹਾਰਾਜ ਜੀ ਦੇ ਪੰਜ ਭੂਤਕ ਸਰੀਰ ਵਿਚੋਂ ਖ਼ੂਨ ਦੀਆਂ ਧਾਰਾਂ ਨਿਕਲੀਆਂ ਜਿਸ ਦੇ ਕੁਝ ਤੁਪਕੇ ਸ਼੍ਰੀ ਗੁਰਦਾਸ ਰਾਮ ਜੀ ਦੇ ਸਰੀਰ ਉੱਪਰ ਪਏ। ਇਹ ਇੱਕ ਵਿਚਾਰਨਯੋਗ ਗੱਲ ਹੈ ਕਿ ਇਹ ਤੁਪਕੇ ਸ਼੍ਰੀ ਗੁਰਦਾਸ ਰਾਮ ਜੀ ਦੇ ਸਰੀਰ ਤੇ ਹੀ ਕਿਉਂ ਗਿਰੇ? ਤੇ ਫਿਰ... ਸਤਿਗੁਰੂ ਸਰਵਣ ਦਾਸ ਮਹਾਰਾਜ ਜੀ ਦੇ ਸਰੀਰਕ ਰੂਪ ਵਿਚ ਚਲੇ ਜਾਣ ਤੋਂ ਪੂਰੇ 9 ਮਹੀਨੇ ਬਾਅਦ 14 ਮਾਰਚ 1973 ਨੂੰ ਸੰਤ ਸੁਰਿੰਦਰ ਦਾਸ ਬਾਵਾ ਜੀ ਦਾ ਜਨਮ ਇਕ ਅਧਿਆਤਮਿਕ ਸਵਾਲ ਖੜ੍ਹਾ ਕਰਦਾ ਹੈ।

ਪੰਜ ਸਾਲ ਦੀ ਉਮਰ ਵਿਚ ਸੰਤ ਹਰੀ ਦਾਸ ਮਹਾਰਾਜ ਜੀ ਬਾਵਾ ਜੀ ਨੂੰ ਭਗਵਾਂ ਭੇਖ ਪਹਿਨਾ ਕੇ ਸੁੱਚੀ ਪਿੰਡ ਤੋਂ ਡੇਰਾ ਬੱਲਾਂ ਲੈ ਆਏ। ਸੰਤ ਗਰੀਬ ਦਾਸ ਮਹਾਰਾਜ ਜੀ ਨੇ ਵਿੱਦਿਆ ਪੜ੍ਹਾਈ।ਸੰਤ ਸੁਰਿੰਦਰ ਦਾਸ ਬਾਵਾ ਜੀ ਨੇ ਜਗਤਗੁਰੂ ਰਵਿਦਾਸ ਮਹਾਰਾਜ ਜੀ 'ਤੇ ਸਤਿਗੁਰੂ ਸਰਵਣ ਦਾਸ ਮਹਾਰਾਜ ਜੀ ਅਤੇ ਸੰਤ ਸਮਾਜ ਦੀ ਕਿਰਪਾ ਨਾਲ 30

ਜਨਵਰੀ 2010 ਈ: ਨੂੰ ਰਵਿਦਾਸੀਆ ਧਰਮ ਦਾ ਐਲਾਨ ਲੱਖਾਂ ਸੰਗਤਾਂ ਦੀ ਹਾਜਰੀ ਵਿੱਚ ਕੀਤਾ। ਜਿਸ ਨਾਲ ਰਵਿਦਾਸੀਆ ਕੌਮ ਨੂੰ ਵੱਖਰੀ ਪਹਿਚਾਣ ਮਿਲੀ।

ਰਵਿਦਾਸੀਆ ਧਰਮ ਪ੍ਰਚਾਰ ਅਸਥਾਨ ਵਿਖੇ ਇਕ ਲਾਇਬ੍ਰੇਰੀ 'ਸਤਿਗੁਰੂ ਸਰਵਣ ਦਾਸ ਮਹਾਰਾਜ ਜੀ' ਦੀ ਯਾਦ ਵਿਚ ਬਣਾਈ ਗਈ, ਜਿਸ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਪੁਸਤਕਾਂ ਹਨ, ਜਿਨ੍ਹਾਂ ਵਿਚ **'ਦਲਿਤ ਇਤਿਹਾਸ' ਅਤੇ ਦਲਿਤ ਪੱਖੀ ਲਿਖਾਰੀਆਂ ਦੀਆਂ ਪੁਸਤਕਾਂ ਰੱਖੀਆਂ ਹਨ।** ਮਹਾਨ ਗੁਰੂਆਂ, ਦੇਸ਼ ਭਗਤਾਂ, ਯੋਧਿਆਂ ਅਤੇ ਸਾਹਿਤਕਾਰਾਂ ਨਾਲ ਸੰਬੰਧਿਤ ਸਾਹਿਤ ਇਸ ਲਾਇਬ੍ਰੇਰੀ ਵਿਚ ਮੌਜੂਦ ਹੈ। ਇੱਥੇ ਹੀ ਬਸ ਨਹੀਂ ਡਾ. ਅੰਬੇਡਕਰ ਤੇ ਹੋਰ ਵੱਖ- ਵੱਖ ਲਾਇਬ੍ਰੇਰੀਆਂ ਰਾਹੀਂ ਪੁੰਗਰ ਰਹੇ ਨਵੇਂ ਲਿਖਾਰੀਆਂ ਨੂੰ ਮੁਫ਼ਤ ਕਿਤਾਬਾਂ ਵੰਡੀਆਂ ਜਾਂਦੀਆਂ ਹਨ। ਜਗਤਗੁਰੂ ਰਵਿਦਾਸ ਮਹਾਰਾਜ ਜੀ ਅਤੇ ਸਤਿਗੁਰੂ ਸਰਵਣ ਦਾਸ ਮਹਾਰਾਜ ਜੀ ਦੇ ਮਿਸ਼ਨ ਦਾ ਨਿਰੰਤਰ ਪ੍ਰਚਾਰ ਹੁੰਦਾ ਹੈ।

ਸੰਤ ਸੁਰਿੰਦਰ ਦਾਸ ਬਾਵਾ ਜੀ ਨੇ 2010, 2011, 2012, 2013 ਵਿੱਚ ਕਈ ਵਾਰ ਯੂਰਪ, ਆਸਟਰੀਆ, ਗਰੀਸ, ਇਟਲੀ, ਜਰਮਨ ਹਾਲੈਂਡ, ਸਪੇਨ, ਫ੍ਰਾਂਸ, ਨੌਰਵੇ, ਅਮਰੀਕਾ, ਕੈਨੇਡਾ, ਯੂ.ਏ.ਈ ਅਤੇ ਯੂ.ਕੇ ਵਿੱਚ, 2014 ਵਿੱਚ ਇਟਲੀ ਅਤੇ ਆਸਟਰੀਆ, 2015 ਵਿੱਚ ਗਰੀਸ, ਇਟਲੀ ਪੁਰਤਗਾਲ, ਆਸਰਟੀਆ, 2016 ਵਿੱਚ ਅਮਰੀਕਾ, ਕੈਨੇਡਾ, ਗਰੀਸ, ਇਟਲੀ ਅਤੇ ਆਸਟਰੀਆ, ਯੂ.ਕੇ, 2017 ਵਿੱਚ ਆਸਟਰੀਆ, ਯੂ.ਕੇ, ਗਰੀਸ, ਇਟਲੀ, ਅਮਰੀਕਾ, ਕੈਨੇਡਾ ਅਤੇ ਯੂ.ਏ.ਈ ਵਿੱਚ, 2018 ਵਿਚ ਫਾਂਸ, ਯੂ.ਕੇ, ਇਟਲੀ, ਗਰੀਸ, ਨੌਰਵੇ, ਆਸਟਰੀਆ, ਅਮਰੀਕਾ, ਕੈਨੇਡਾ ਅਤੇ ਯੂ.ਏ.ਈ 2019 ਵਿੱਚ ਆਸਟਰੀਆ, ਗਰੀਸ, ਇਟਲੀ, ਫਰਾਂਸ, ਇੰਗਲੈਂਡ, ਅਮਰੀਕਾ, ਕੈਨੇਡਾ ਵਿੱਚ ਰਵਿਦਾਸੀਆ ਧਰਮ ਦਾ ਪ੍ਰਚਾਰ ਕੀਤਾ।

ਸੰਤ ਸੁਰਿੰਦਰ ਦਾਸ ਬਾਵਾ ਜੀ ਨੂੰ 2010 ਵਿੱਚ ਸ੍ਰੀ ਗੁਰੂ ਰਵਿਦਾਸ ਸਭਾ ਬੈਰਗਾਮੋ ਇਟਲੀ, 2011 ਸ੍ਰੀ ਗੁਰੂ ਰਵਿਦਾਸ ਸਭਾ ਕਰੋਪੀ ਐਥਨ ਗਰੀਸ ਵਿੱਚ, 2012 ਸ੍ਰੀ ਗੁਰੂ ਰਵਿਦਾਸ ਸਭਾ ਵਿਆਨਾ, ਆਸਟਰੀਆ ਸ੍ਰੀ ਗੁਰੂ ਰਵਿਦਾਸ ਸਭਾ ਰੋਮ ਇਟਲੀ, ਸ੍ਰੀ ਗੁਰੂ ਰਵਿਦਾਸ ਸਭਾ ਵਿਲੇਨਸੀਆ ਸਪੇਨ, 2014 ਵਿੱਚ ਪਿੰਡ ਮਦਾਰਾ ਜ਼ਿਲ੍ਹਾ ਜਲੰਧਰ (ਪੰਜਾਬ), 11 ਸਤੰਬਰ 2015 ਸ੍ਰੀ ਗੁਰੂ ਰਵਿਦਾਸ ਸੁਖਸਾਗਰ ਦਰਬਾਰ ਮਨੀਦੀ ਗਰੀਸ, 30 ਦਸੰਬਰ 2015 ਪਿੰਡ ਅਲਾਵਲਪੁਰ, 11 ਸਤੰਬਰ 2016 ਸਾਊਥ ਹਾਲ ਲੰਡਨ ਵਿੱਚ, 21 ਮਈ 2017 ਸ੍ਰੀ ਗੁਰੂ ਰਵਿਦਾਸ ਭਵਨ ਬਾਰੀ ਇਟਲੀ, 28 ਮਈ 2017 ਸ੍ਰੀ ਗੁਰੂ ਰਵਿਦਾਸ ਦਰਬਾਰ ਕਰੋਪੀ ਗਰੀਸ ਵਿਚ 20 ਅਗਸਤ 2017 ਟੋਰਾਂਟੋ ਕੈਨੇਡਾ ਅਤੇ 30 ਦਸੰਬਰ 2017 ਨੂੰ ਸੁੱਚੀ ਪਿੰਡ, 2 ਸਿਤੰਬਰ 2018 ਟਿੰਪਟਨ ਯੂ.ਕੇ, 2 ਸਤੰਬਰ ਸ਼ਿਕਾਗੋ ਅਮਰੀਕਾ ਵਿੱਚ ਰਵਿਦਾਸੀਆ ਸਮਾਜ ਵਲੋਂ ਗੋਲਡ ਮੈਡਲਾਂ ਨਾਲ ਸਨਮਾਨਿਤ ਕੀਤਾ ਗਿਆ।

ਭਾਰਤੀ ਦਲਿਤ ਸਾਹਿਤ ਅਕੈਡਮੀ ਦਿੱਲੀ ਵਿੱਚ 2006 ਵਿੱਚ ਸੰਤ ਸੁਰਿੰਦਰ ਦਾਸ ਬਾਵਾ ਜੀ ਨੂੰ ਸ਼੍ਰੀ ਗੁਰੂ ਰਵਿਦਾਸ ਨੈਸ਼ਨਲ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਵੱਧਦੀ ਹੋਈ ਸੰਗਤ ਅਤੇ ਪ੍ਰਚਾਰ ਪ੍ਰਸਾਰ ਹਿੱਤਾਂ ਨੂੰ ਧਿਆਨ ਵਿਚ ਰੱਖਦੇ ਹੋਏ ਯੂਰਪ ਦੀਆਂ ਸੰਗਤਾਂ ਵੱਲੋਂ ਸੰਗਤਾਂ ਦੀਆਂ ਲੋੜਾਂ ਨੂੰ ਧਿਆਨ ਵਿਚ ਰੱਖਦੇ ਹੋਏ ਇੱਕ ਨਾਲ ਲੱਗਦਾ ਪਲਾਟ ਇਸ ਸਥਾਨ ਨੂੰ ਖਰੀਦ ਕੇ ਦਿੱਤਾ ਗਿਆ। ਅੱਜ ਇਹ ਪ੍ਰਚਾਰ ਅਸਥਾਨ ਇੱਕ ਚਾਨਣ ਮੁਨਾਰਾ ਬਣ ਕੇ ਸੰਗਤਾਂ ਵਿਚ ਉਭਰ ਰਿਹਾ ਹੈ। ਇਸ ਪਾਵਨ ਸਥਾਨ ਤੇ ਸੰਤ ਸੁਰਿੰਦਰ ਦਾਸ ਬਾਵਾ ਜੀ ਨੇ ਪੱਕੇ ਤੌਰ ਤੇ ਰੈਣ-ਬਸੇਰਾ ਬਣਾਇਆ ਹੋਇਆ ਹੈ ਜਿੱਥੇ ਆਪ ਖੁਦ ਨਾਮ ਜੱਪਦੇ, ਬਾਣੀ ਪੜ੍ਹਦੇ ਸੁਣਦੇ ਅਤੇ ਸੰਗਤਾਂ ਨੂੰ ਵੀ ਅਜਿਹਾ ਕਰਨ ਲਈ ਪ੍ਰੇਰਿਤ ਕਰਦੇ ਹਨ। ਇਸ ਸਥਾਨ ਤੇ ਰਵਿਦਾਸੀਆ ਧਰਮ ਦੇ ਨਿਯਮਾਂ ਮੁਤਾਬਿਕ ਹੀ ਆਪਣੇ ਆਪ ਨੂੰ ਢਾਲ ਕੇ ਚੱਲਣਾ ਪੈਂਦਾ ਹੈ।

ਇਸ ਪ੍ਰਚਾਰ ਅਸਥਾਨ ਤੇ 'ਅੰਮ੍ਰਿਤ ਬਾਣੀ' ਭਵਨ ਉਸਾਰਿਆ ਗਿਆ ਹੈ, ਜਿਸ ਵਿਚ ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ ਸੁਸ਼ੋਭਿਤ ਹੈ ਜਿਸ ਦੇ ਸਵੇਰੇ ਸ਼ਾਮ ਜਾਪ ਅਤੇ ਸਤਿਸੰਗ ਹੁੰਦੇ ਹਨ। ਹਰ ਐਤਵਾਰ ਅਤੇ ਸੰਗਰਾਂਦ 'ਤੇ ਵਿਸ਼ੇਸ਼ ਦੀਵਾਨ ਸਜਾਏ ਜਾਂਦੇ ਹਨ ਜਿੱਥੇ ਲੋਕਾਂ ਦੀਆਂ ਮਨੋਕਾਮਨਾਵਾਂ ਪੂਰੀਆਂ ਹੁੰਦੀਆਂ ਹਨ। ਹਰ ਮਹੀਨੇ ਵੱਖ ਵੱਖ ਬੀਮਾਰੀਆਂ ਦੇ ਮਾਹਿਰ ਡਾਕਟਰ ਮਰੀਜਾਂ ਦਾ ਚੈੱਕਅਪ ਕਰਦੇ ਹਨ ਤੇ ਦਵਾਈਆਂ ਦਿੰਦੇ ਹਨ।

ਇਸ ਪਾਵਨ ਅਸਥਾਨ ਨੂੰ ਲੋਕ ਸ਼ਰਧਾ ਨਾਲ ਮੰਨਦੇ ਹਨ। ਰੋਜ਼ਾਨਾ ਸਵੇਰ ਤੋਂ ਸ਼ਾਮ ਤੱਕ ਸੰਗਤਾਂ ਦਰਸ਼ਨਾਂ ਲਈ ਆਉਂਦੀਆਂ ਹਨ। ਇਸ ਦਰਬਾਰ ਵਿਚ ਜਗਤਗੁਰੂ ਰਵਿਦਾਸ ਮਹਾਰਾਜ ਜੀ ਅਤੇ ਸਤਿਗੁਰੂ ਸਰਵਣ ਦਾਸ ਮਹਾਰਾਜ ਜੀ ਦੇ ਮਿਸ਼ਨ ਦਾ ਪ੍ਰਚਾਰ ਹੁੰਦਾ ਹੈ। ਲੋਕਾਂ ਨੂੰ ਨਾਮ ਬਾਣੀ ਦੇ ਨਾਲ-ਨਾਲ ਸਮਾਜਿਕ ਕੁਰੀਤੀਆਂ ਨਸ਼ਿਆਂ, ਦਾਜ ਦੇ ਕੋਹੜ, ਵਹਿਮਾਂ-ਭਰਮਾਂ, ਸਮਾਗਮਾਂ ਵਿਚ ਵਧੇਰੇ ਖਰਚੇ, ਭਰੂਣ ਹੱਤਿਆ, ਨਿੰਦਿਆ-ਚੁਗਲੀ ਤੋਂ ਮੁਕਤ ਹੋਣ ਲਈ, ਬੱਚਿਆਂ ਨੂੰ ਉਚੇਰੀ ਸਿੱਖਿਆ, ਬਜ਼ੁਰਗਾਂ ਦਾ ਸਤਿਕਾਰ ਕਰਨ ਸੰਬੰਧੀ ਵਿਸ਼ੇਸ਼ ਪ੍ਰਚਾਰ ਕੀਤਾ ਜਾਂਦਾ ਹੈ। ਇਹ ਪ੍ਰਚਾਰ ਅਸਥਾਨ ਸਭ ਲਈ ਖੁੱਲ੍ਹਾ ਹੈ। ਹਰ ਅਮੀਰ ਅਤੇ ਗਰੀਬ ਲਈ ਬਰਾਬਰ ਹੈ ਅਤੇ ਸਭ ਦੇ ਸਤਿਕਾਰ ਹਿੱਤ ਬਣਾਇਆ ਗਿਆ ਹੈ। ਇੱਥੇ ਕੋਈ ਊਚ ਨੀਚ ਨਹੀਂ। ਇਸ ਪ੍ਰਚਾਰ ਅਸਥਾਨ ਵਿਚ ਮਾਨਵਤਾ ਦੀ ਭਲਾਈ, ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ ਬੇਗਮਪੁਰਾ ਦੇ ਸੰਕਲਪ ਅਤੇ ਡਾ. ਭੀਮ ਰਾਓ ਅੰਬੇਡਕਰ ਜੀ ਦੇ ਪੜ੍ਹੋ ਜੁੜੋ ਸੰਘਰਸ਼ ਕਰੋ ਦੇ ਏਜੰਡੇ ਤੇ ਹੀ ਪ੍ਰਚਾਰ ਹੁੰਦਾ ਹੈ।

ਇਸ ਅਸਥਾਨ ਤੇ 24 ਜੁਲਾਈ 2016 ਦਿਨ ਐਤਵਾਰ ਨੂੰ ਸੰਤ ਸੁਰਿੰਦਰ ਦਾਸ ਬਾਵਾ ਜੀ, ਸੰਤ ਸੱਤਿਆਪਾਲ ਜੀ ਚੰਡੀਗੜ੍ਹ, ਸੰਤ ਬੀਬੀ ਕ੍ਰਿਸ਼ਨਾ ਦੇਵੀ ਬੋਪਾਰਾਏ ਕਲਾਂ, ਸੰਤ ਹਰਵਿੰਦਰ ਦਾਸ ਆਦਮਪੁਰ ਅਤੇ ਹੋਰ ਸੰਤ ਸਮਾਜ ਦੀ ਹਾਜ਼ਰੀ ਵਿੱਚ ਜਗਤ ਗੁਰੂ

ਰਵਿਦਾਸ ਮਹਾਰਾਜ ਜੀ ਦੀ ਪ੍ਰਤਿਮਾ "ਅੰਮ੍ਰਿਤਬਾਣੀ ਭਵਨ" ਵਿੱਚ ਸਥਾਪਤ ਕੀਤੀ ਗਈ ਅਤੇ ਇਸ ਮੌਕੇ ਤੇ ਸ਼੍ਰੀ ਸਾਧੂ ਰਾਮ ਹੀਰ ਜੀ (ਰਿਟਾ. ਚੀਫ ਇੰਜੀਨੀਅਰ ਨੌਰਥ ਜ਼ੌਨ ਦੂਰਦਰਸ਼ਨ ਦਿੱਲੀ) ਨੂੰ ਰਵਿਦਾਸੀਆ ਸਮਾਜ ਲਈ ਵੱਡਮੁੱਲੀਆਂ ਸੇਵਾਵਾਂ ਦੇਣ ਲਈ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ ਗਿਆ। ਇਸ ਪ੍ਰਚਾਰ ਅਸਥਾਨ ਦੀ ਪ੍ਰਿਯਤਾ ਅੱਜ ਪੂਰੇ ਵਿਸ਼ਵ ਵਿਚ ਤੇਜ਼ੀ ਨਾਲ ਵੱਧ ਰਹੀ ਹੈ। ਜਿਸ ਨੂੰ ਸਫ਼ਲ ਬਣਾਉਣ ਲਈ ਸਮੁੱਚੀਆਂ ਸੰਗਤਾਂ ਦਾ ਸਹਿਯੋਗ ਜ਼ਰੂਰੀ ਹੈ। ਰਹਿਣ-ਸਹਿਣ ਅਤੇ ਲੰਗਰ ਆਦਿ ਦੀਆਂ ਵਿਵਸਥਾਵਾਂ ਹਨ। ਇਸ ਅਸਥਾਨ ਤੋਂ ਰਵਿਦਾਸੀਆ ਧਰਮ ਨਾਲ ਸਬੰਧਤ ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ (ਸਟੀਕ) ਜਗਤਗੁਰੂ ਰਵਿਦਾਸ ਮਹਾਰਾਜ ਜੀ ਨਾਲ ਸਬੰਧਤ ਵੱਖ-ਵੱਖ ਭਸ਼ਾਵਾਂ ਵਿੱਚ ਕਿਤਾਬਾਂ, ਕਲੰਡਰ, ਆਰਤੀਆਂ, ਸੀ.ਡੀ., ਵੀ.ਸੀ.ਡੀ, ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ, ਸੰਤ ਮਹਾਂਪੁਰਸ਼ਾਂ ਅਤੇ ਦਲਿਤ ਸਾਹਿਤ ਨੂੰ ਵਿਸ਼ਵ ਦੇ ਕੋਨੇ-ਕੋਨੇ ਵਿੱਚ ਭੇਜਿਆ ਜਾਂਦਾ ਹੈ।

ਇਸ ਪ੍ਰਚਾਰ ਅਸਥਾਨ 'ਤੇ ਸਤਿਗੁਰੂ ਸਰਵਣ ਦਾਸ ਮਹਾਰਾਜ ਜੀ ਦਾ ਉਹ ਸੰਕਲਪ ਸਾਕਾਰ ਨਜ਼ਰ ਆ ਰਿਹਾ ਹੈ, ਜਿਸ ਬਾਰੇ ਮਹਾਰਾਜ ਜੀ ਸੋਚਿਆ ਕਰਦੇ ਸਨ ਕਿ ਜਗਤਗੁਰੂ ਰਵਿਦਾਸ ਮਹਾਰਾਜ ਜੀ ਦਾ ਘਰ-ਘਰ ਪ੍ਰਚਾਰ ਹੋਵੇ। ਇਸ ਮਹਾਨ ਕਾਰਜ ਲਈ ਸੰਤ ਸੁਰਿੰਦਰ ਦਾਸ ਬਾਵਾ ਜੀ ਦਿਨ-ਰਾਤ ਇੱਕ ਕਰਦੇ ਹੋਏ ਯਤਨਸ਼ੀਲ ਹਨ। ਸਤਿਗੁਰੂ ਇਨ੍ਹਾਂ 'ਤੇ ਆਪਣਾ ਮਿਹਰ ਭਰਿਆ ਹੱਥ ਰੱਖਣ ਤਾਂ ਕਿ ਕੌਮੀ ਕੰਮਾਂ ਲਈ ਇਸੇ ਤਰ੍ਹਾਂ ਡਟੇ ਰਹਿਣ।

**ਕਾਂਸ਼ੀ ਰਾਮ ਕਲੇਰ ਜੰਡੂ ਸਿੰਘਾ**

---

ਮਿਤੀ 10 ਜੁਲਾਈ 2019 ਨੂੰ ਸਚਖੰਡ ਵਾਸੀ ਮਿਸ਼ਨਰੀ ਲੇਖਕ ਸ਼੍ਰੀ ਕਾਂਸ਼ੀ ਰਾਮ ਕਲੇਰ ਜੀ ਦੀਆਂ ਬਹੁਮੁੱਲ ਸੇਵਾਵਾਂ ਦੇ ਲਈ ਉਹਨਾਂ ਦੀ ਪਤਨੀ ਸ਼੍ਰੀਮਤੀ ਕਿਰਨ ਬਾਲਾ ਜੀ ਨੂੰ ਸੰਤ ਸੁਰਿੰਦਰ ਦਾਸ ਬਾਵਾ ਜੀ ਅਤੇ ਸੰਤ ਸਮਾਜ ਦੀ ਹਾਜਰੀ ਵਿੱਚ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ ਗਿਆ।

14 ਜਨਵਰੀ 2020 ਈ. ਨੂੰ ਸੰਤ ਸਤਿਆਪਾਲ ਜੀ ਜਿਹਨਾਂ ਨੇ ਪੂਰੇ ਭਾਰਤ ਵਿੱਚ 'ਰਵਿਦਾਸੀਆ ਧਰਮ' ਦਾ ਪ੍ਰਚਾਰ ਕੀਤਾ। ਉਹਨਾਂ ਦੀ ਸੰਤ ਸੁਰਿੰਦਰ ਦਾਸ ਬਾਵਾ ਜੀ ਨੇ ਸੰਤ ਸਮਾਜ ਅਤੇ ਸੰਗਤ ਦੀ ਹਾਜਰੀ ਵਿੱਚ 'ਗੋਲਡ ਮੈਡਲ' ਨਾਲ ਸਨਮਾਨਿਤ ਕੀਤਾ।

# ਤੱਤਕਰਾ


| ਨੰ. | ਵਿਸ਼ਾ | ਪੰਨਾ |
|---|---|---|
| 1. | ਪੈਂਤੀ ਅੱਖਰੀ | 16 |
| 2. | ਬਾਣੀ ਹਫ਼ਤਾਵਾਰ | 24 |
| 3. | ਪੰਦਰਾ ਤਿਥੀ | 27 |
| 4. | 'ਬਾਰਾਂ ਮਾਸ' ਉਪਦੇਸ਼ | 39 |
| 5. | ਸਾਂਦ ਬਾਣੀ | 61 |
| 6. | ਅਨਮੋਲ ਵਚਨ | 64 |
| 7. | ਸ਼ਾਦੀ ਉਪਦੇਸ਼ | 65 |
| 8. | ਸੁਹਾਗੁ ਸਤਤ | 60 |
| 9. | ਮੰਗਲਾਚਾਰ | 70 |
| 10. | ਅਨਮੋਲ ਵਚਨ | 77 |
| 11. | ਆਰਤੀ 1 | 80 |
| 12. | ਆਰਤੀ 2 | 83 |
| 13. | ਆਰਤੀ 3 | 85 |
| 14. | ਆਰਤੀ 4 | 86 |
| 15. | ਆਰਤੀ 5 | 89 |
| 16. | ਅਰਦਾਸ | 91 |


* * *

# ਪੈਂਤੀ ਅੱਖਰੀ

**ੳ-ਉਸਤਤ ਕਰੋ ਇਕ ਓਂਕਾਰਾ।**

**ਤੀਨ ਲੋਕ ਜਿਨ ਕੀਆ ਪਸਾਰਾ।**

ਉਸ ਇਕ ਪ੍ਰਭੂ ਦੀ ਉਸਤਤਿ ਕਰੋ ਜੋ ਤਿੰਨਾ ਲੋਕਾਂ, ਖੰਡਾਂ-ਬ੍ਰਹਿਮੰਡਾਂ ਭਾਵ ਸ੍ਰਿਸ਼ਟੀ ਦੇ ਕਣ-ਕਣ ਵਿਚ ਸਮਾਇਆ ਹੋਇਆ ਹੈ।

**ਅ-ਅਲਖ ਕੋ ਲਖ ਜੋ ਭਾਈ।**

**ਦੇਹੇਂ ਢੰਢੋਰਾ ਸੰਤ ਸਿਪਾਹੀ।**

ਅਲਖ ਪ੍ਰਭੂ, ਜਿਸ ਦੀ ਮਹਿਮਾ ਲਿਖੀ ਨਹੀਂ ਜਾ ਸਕਦੀ, ਹੇ ਭਾਈ ਸੰਤ ਸਿਪਾਹੀ ਢੰਡੋਰਾ ਦੇ ਕੇ ਕਹਿ ਰਹੇ ਹਨ ਕਿ ਉਸਦਾ ਸਿਮਰਨ ਕਰੋ।

**ੲ-ਈਸ਼ਵਰ ਕਾਇਆ ਘਟ ਮੇਂ।**

**ਆਕਾਸ਼ ਰਮਇਓ ਜੈਸੇ ਸਬ ਮਟ ਮੇਂ।**

ਈਸ਼ਵਰ ਸਾਰੇ ਸਰੀਰਾਂ ਵਿਚ ਅਤੇ ਕਣ-ਕਣ ਵਿਚ ਵਸਦਾ ਹੈ ਜਿਵੇਂ ਘੜੇ ਦੇ ਪਾਣੀ ਵਿਚ ਅਕਾਸ਼ ਨਜ਼ਰ ਆਉਂਦਾ ਹੈ।

**ਸ-ਸੀਸ਼ ਮਹਲ ਮੇਂ ਸਵਾਮੀ ਦਰਸ਼ੇ।**

**ਜਹਾਂ ਪ੍ਰੇਮ ਅਮੀ ਰਸ ਬਰਸੇ।**

ਦਸਵੇਂ ਦੁਆਰ ਰੂਪੀ ਸ਼ੀਸ਼ ਮਹਿਲ ਵਿਚ ਮਾਲਕ ਪ੍ਰਭੂ ਦੇ ਦਰਸ਼ਨ ਹੁੰਦੇ ਹਨ ਜਿੱਥੇ ਪ੍ਰੇਮ ਨਾਲ ਸ੍ਰੇਸ਼ਟ ਅੰਮ੍ਰਿਤ ਬਰਸ ਰਿਹਾ, ਪ੍ਰਾਪਤ ਹੁੰਦਾ ਹੈ।

**ਹ-ਹਰਿ ਕਾ ਸਿਮਰਣ ਕੀਜੈ।**

**ਕਹੇ ਰਵਿਦਾਸ ਅਮੀ ਰਸ ਪੀਜੈ।**

ਜਗਤਗੁਰੂ ਰਵਿਦਾਸ ਜੀ ਮਹਾਰਾਜ ਉਚਾਰਣ ਕਰਦੇ ਹਨ ਕਿ ਹਰਿ ਦਾ ਸਿਮਰਨ ਕਰਕੇ ਜੀਵ ਸ੍ਰੇਸ਼ਟ ਰਸ ਪੀਂਦਾ ਹੈ।

**ਕ-ਕਾਇਆ ਕੋਟਿ ਮੇਂ ਰਮ ਰਹਿਓ ਪਿਆਰਾ।**

**ਸੀਸ ਮਹਲ ਮੇਂ ਦੇ ਦੀਦਾਰਾ।**

ਕਰੋੜਾਂ ਹੀ ਭਾਵ ਬੇਅੰਤ ਸਰੀਰਾਂ ਵਿਚ ਪ੍ਰਭੂ ਪਿਆਰਾ ਰਮਿਆ ਹੋਇਆ ਹੈ, ਜਿਸਦੇ ਦਰਸ਼ਨ ਦਸਵੇਂ ਦਵਾਰ ਰੂਪੀ ਸ਼ੀਸ਼ ਮਹਿਲ ਵਿਚ ਹੁੰਦੇ ਹਨ।

**ਖ-ਖਿਆਲ ਸੇ ਕਰੋ ਵਿਚਾਰਾ।**

**ਸਰਵਵਿਆਪੀ ਸਬ ਸੇ ਨਿਆਰਾ।**

ਜਦੋਂ ਜੀਵ ਧਿਆਨ ਕਰਕੇ ਪ੍ਰਭੂ ਦਾ ਵਿਚਾਰ ਕਰਦਾ ਹੈ ਫਿਰ ਉਸਨੂੰ ਸਰਵ-ਵਿਆਪਕ ਪ੍ਰਭੂ ਸਭ ਤੋਂ ਨਿਰਾਲਾ ਅਨੁਭਵ ਹੁੰਦਾ ਹੈ।

**ਗ-ਗੋਬਿੰਦ ਏਸੇ ਗਿਆਨੀ।**

**ਨ ਕੁਛ ਭੂਲੇ ਨ ਕੁਛ ਜਾਨੀ।**

ਜੋ ਪ੍ਰਭੂ ਰੂਪੀ ਗਿਆਨ ਦੀ ਪ੍ਰਾਪਤੀ ਕਰਕੇ ਜੀਵ ਨੂੰ ਨਾ ਕੁਝ ਭੁੱਲਣ ਦੀ ਅਤੇ ਨਾ ਕੁਝ ਜਾਨਣ ਦੀ ਜ਼ਰੂਰਤ ਰਹਿੰਦੀ ਹੈ।

**ਘ-ਘਨ ਨਹੀਂ ਅਹਰਣ ਸਹੇ ਚੋਟਾਂ।**

**ਸਤਗੁਰੂ ਸ਼ਬਦ ਘੜਿਆ ਹੈ ਅਨੋਠਾ।**

ਜੀਵ ਸਤਿਗੁਰੂ ਜੀ ਦੇ ਸ਼ਬਦ ਰੂਪੀ ਅਹਰਣ ਉੱਪਰ ਐਸੀਆਂ ਚੋਟਾਂ ਸਹਿ ਕੇ ਅਨੋਖੀ ਪਰਮਗਤੀ ਅਵਸਥਾ ਵਿਚ ਪਹੁੰਚ ਜਾਂਦਾ ਹੈ।

**ਙ-ਙਆਨਤਾ ਸੋਈ ਸਾਰ।**

**ਕਹੇ ਰਵਿਦਾਸ ਬਾਤ ਵਿਚਾਰ।**

ਜਗਤਗੁਰੂ ਰਵਿਦਾਸ ਜੀ ਮਹਾਰਾਜ ਵਿਚਾਰ ਕੇ ਉਚਾਰਣ ਕਰਦੇ ਹਨ ਕਿ ਅਗਿਆਨਤਾ ਨੂੰ ਤਿਆਗ ਕੇ ਪ੍ਰਭੂ ਦਾ ਸਿਮਰਨ ਕਰ।

**ਚ-ਚਾਮ ਕਾ ਚੋਲਾ ਭਾਈ।**

**ਨਾਮ ਬਿਨਾ ਕੁਛ ਕਾਮ ਨ ਆਈ।**

ਹੇ ਭਾਈ ! ਚਮੜੇ ਦਾ ਸਰੀਰ ਰੂਪੀ ਚੋਲਾ ਪ੍ਰਭੂ ਨਾਮ ਤੋਂ ਬਿਨਾਂ ਕਿਸੇ ਵੀ ਕੰਮ ਨਹੀਂ ਆਉਂਦਾ।

**ਛ-ਛਿਨ ਮੇਂ ਭਇਆ ਮਮੋਲਾ।**

**ਅਮੀ ਸਰੋਵਰ ਦਿਆ ਝਕੋਲਾ।**

ਹੇ ਜੀਵ ! ਤੂੰ ਛਿਨ ਵਿਚ ਨਾਸ਼ ਹੋ ਜਾਣਾ ਹੈ। ਇਸ ਲਈ ਪ੍ਰਭੂ ਦੇ ਨਾਮ ਦੇ ਗਿਆਨ ਰੂਪੀ ਸਰੋਵਰ ਵਿਚ ਚੁੱਭੀ ਲਾ ਲੈ।

**ਜ-ਜੀਵ ਹੈ, ਜਨੇਊ ਜਾਤਿ ਕਾ।**

**ਦਇਆ ਕੀ ਧੋਤੀ ਤਿਲਕ ਸਤਿਯ ਕਾ।**

ਹੇ ਜੀਵ ! ਤੂੰ ਸ੍ਰੇਸ਼ਟ ਸੁਭਾਅ ਦਾ ਜਨੇਊ ਦਇਆ ਦੀ ਧੋਤੀ ਅਤੇ ਸਤਿ ਦਾ ਤਿਲਕ ਧਾਰਨ ਕਰ।

**ਝ-ਝਿਲਮਿਲ ਜੋਤ ਜਗਾਈ।**

**ਅਲਖ ਪੁਰੁਸ਼ ਤਹਾਂ ਪਹੁੰਚੇ ਆਈ।**

ਹੇ ਜੀਵ ! ਤੂੰ ਆਪਣੇ ਅੰਦਰ ਪ੍ਰਭੂ ਦੀ ਲਿਸ਼ਕਾਂ ਮਾਰਦੀ ਜੋਤ ਨੂੰ ਜਗਾ ਤਾਂ ਕਿ ਤੈਨੂੰ ਉੱਥੇ ਪਹੁੰਚ ਕੇ ਅਲਖ ਪੁਰਸ਼ ਦੇ ਦਰਸ਼ਨ ਹੋਣ।

**ਞ-ਞਯਾਨਤ ਸੋਈ ਧਿਆਨੀ।**

**ਦਾਸ ਰਵਿਦਾਸ ਕਹੇ ਬ੍ਰਹਮ ਗਿਆਨੀ।**

ਜਗਤਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਜੋ ਜੀਵ ਪ੍ਰਭੂ ਨੂੰ ਜਾਣ ਲੈਂਦਾ ਹੈ, ਉਹੀ ਸੱਚਾ ਧਿਆਨੀ ਅਤੇ ਬ੍ਰਹਮ ਗਿਆਨੀ ਹੈ।

**ਟ-ਟੈਕਾ ਟੇਕੁ ਕਾ ਏਕ ਰਾਖੋ।**

**ਏਕ ਬਿਨਾ ਦੂਜਾ ਮਤ ਆਖੋ।**

ਹੇ ਜੀਵ, ਇਕ ਪ੍ਰਭੂ 'ਤੇ ਆਸ ਰੱਖੋ, ਉਸ ਤੋਂ ਬਿਨਾਂ ਹੋਰ ਕਿਸੇ ਦੂਸਰੇ 'ਤੇ ਆਸ ਨਾ ਰੱਖੋ।

**ਠ-ਠਾਕੁਰ ਸ਼ੀਲਾ ਤਰ ਗਏ ਭਾਈ।**

**ਪੰਡਿਤ ਬੈਠੇ ਮਨ ਮੁਰਝਾਈ।**

ਜਗਤਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਪ੍ਰਭੂ ਦੀ ਕਿਰਪਾ ਨਾਲ ਪੱਥਰ ਦੇ ਠਾਕਰ ਤਰ ਗਏ। ਪਰ ਪੰਡਤਾਂ ਦੇ ਝੂਠੇ ਠਾਕਰ ਡੁੱਬਣ ਕਾਰਨ ਉਨ੍ਹਾਂ ਦੇ ਮਨ ਮੁਰਝਾ ਗਏ।

**ਡ-ਡਰ ਨਹੀਂ ਹਰਿ ਸੰਗ ਪ੍ਰੀਤ।**

**ਭਗਤ ਜਨ ਬੈਠੇ ਮਨ ਕੋ ਜੀਤ।**

ਜੋ ਜੀਵ ਹਰਿ ਨਾਲ ਪ੍ਰੀਤੀ ਕਰਦਾ ਹੈ ਉਸਨੂੰ ਕੋਈ ਡਰ ਨਹੀਂ ਰਹਿੰਦਾ, ਪ੍ਰਭੂ ਦੇ ਭਗਤਾਂ ਨੇ ਵਿਸ਼ੇ ਵਿਕਾਰਾਂ ਤੋਂ ਦੂਰ ਹੋ ਕੇ ਆਪਣੇ ਮਨ ਨੂੰ ਜਿੱਤ ਲਿਆ ਹੈ।

**ਢ-ਢਾ ਦੀਨੀ ਬੁਰਜੀਪਾਪਨ।**

**ਸਿਮਰਣ ਕੀਨਾ ਅਜਪਾ ਜਪਨ।**

ਅਜਪਾ ਜਾਪ ਸਿਮਰਨ ਕਰਨ ਨਾਲ ਜੀਵ ਦੇ ਅੰਦਰੋਂ ਪਾਪਾਂ ਦਾ ਬੁਰਜ ਢਹਿ ਜਾਂਦਾ ਹੈ।

**ਣ-ਣਮ ਕੀ ਲਾਈ ਡੋਰੀ।**

**ਕਹੇ ਰਵਿਦਾਸ ਲਗੀ ਲਿਵ ਮੋਰੀ।**

ਜਗਤਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਮੇਰੀ ਪ੍ਰਭੂ ਨਾਲ ਪ੍ਰੇਮ ਦੀ ਡੋਰ ਲੱਗ ਗਈ, ਮੇਰੀ ਉਸ ਹਰਿ ਨਾਲ ਲਿਵ ਲੱਗ ਗਈ।

**ਤ-ਤ੍ਰਿਗੁਣ ਮਾਇਆ ਰਚਦੀ ਭਾਈ।**

**ਰਿਸ਼ੀ ਮੁਨਿ ਲੀਨੇ ਭਰਮਾਈ।**

ਸਤੋ, ਰਜੋ, ਤਮੋ, ਮਾਇਆ ਦੀ ਪ੍ਰਭੂ ਨੇ ਰਚਨਾ ਕੀਤੀ ਹੈ,

ਜਿਸਨੇ ਰਿਸ਼ੀਆਂ ਮੁਨੀਆਂ ਨੂੰ ਭਰਮਾ ਲਿਆ ਹੈ।

**ਥ-ਥਿਰ ਨਹੀਂ ਯਹ ਸੰਸਾਰਾ।**

**ਰਾਵ ਰੰਕ ਸਬ ਕਾਲ ਨਗਾਰਾ।**

ਇਹ ਸੰਸਾਰ ਰਹਿਣ ਵਾਲਾ ਨਹੀਂ ਹੈ, ਰਾਜਾ ਤੇ ਗਰੀਬ ਸਭ ਕਾਲ ਰੂਪੀ ਨਗਾਰਾ (ਮੌਤ) ਵੱਜਣ ਨਾਲ ਸੰਸਾਰ ਤੋਂ ਚਲੇ ਜਾਂਦੇ ਹਨ।

**ਦ-ਦੋ ਇਕ ਦਿਨ ਯਹਾਂ ਮੰਦਿਰ ਸਾਰਾ,**

**ਫਿਰ ਠਾਠ ਛੋੜ ਲਦ ਜਾਏ ਬੰਜਾਰਾ।**

ਪ੍ਰਭੂ ਨੇ ਨਿਸ਼ਚਿਤ ਸਮੇਂ ਲਈ ਸਰੀਰ ਰੂਪੀ ਮੰਦਿਰ ਦੀ ਰਚਨਾ ਕੀਤੀ ਹੈ। ਇਸ ਵਣਜਾਰੇ ਜੀਵ ਨੇ ਸਰੀਰ ਰੂਪੀ ਮੰਦਿਰ ਦੀ ਠਾਠ ਬਾਠ ਨੂੰ ਛੱਡ ਕੇ ਚਲੇ ਜਾਣਾ ਹੈ।

**ਧ-ਧਨੀ ਜਿਨ ਧਿਆਨ ਲਗਾਇਓ।**

**ਕਾਲ ਫਾਂਸ ਕੇ ਬੀਚ ਨ ਆਇਓ।**

ਹੇ ਭਾਈ ! ਅਸਲੀ ਧਨੀ ਉਹ ਹੈ ਜਿਸਨੇ ਪ੍ਰਭੂ ਭਗਤੀ ਵਿਚ ਧਿਆਨ ਲਗਾਇਆ ਹੈ ਤੇ ਉਹ ਜੀਵ ਕਾਲ ਫਾਸ ਦੇ ਚੱਕਰ ਵਿਚ ਨਹੀਂ ਆਉਂਦਾ।

**ਨ- ਨਾਮ ਕੀ ਨਾਵ ਬਨਾਈ।**

**ਕਹੇ ਰਵਿਦਾਸ ਚੜ੍ਹੋ ਰੇ ਭਾਈ।**

ਜਗਤਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਹੇ ਭਾਈ ਪ੍ਰਭੂ ਨੇ ਨਾਮ ਦੀ ਕਿਸ਼ਤੀ ਬਣਾਈ ਹੈ, ਜਿਸ ਵਿਚ ਜੀਵ ਸਵਾਰ ਹੋ ਕੇ ਪਾਰ ਹੋ ਜਾਂਦਾ ਹੈ।

**ਪ-ਪਾਰ ਬ੍ਰਹਮ ਪਰਮੇਸ਼ਵਰ ਸਵਾਮੀ।**

**ਸਬ ਘਟ-ਘਟ ਕੇ ਅੰਤਰਯਾਮੀ।**

ਪਾਰ–ਬ੍ਰਹਮ ਪਰਮੇਸ਼ਵਰ ਸਭ ਦਾ ਮਾਲਕ ਹੈ ਅਤੇ ਉਹ ਸਭ ਦੇ ਅੰਦਰ (ਦਿਲਾਂ) ਦੀਆਂ ਜਾਨਣ ਵਾਲਾ ਹੈ।

**ਫ-ਫਿਕਰ ਕਰ ਛੋੜ ਜਗਸੰਸਾ।**

**ਜਾ ਮਿਲ ਬੈਠੇ ਅਵਿਨਾਸ਼ੀ ਪਾਸਾ।**

ਹੇ ਜੀਵ! ਜਗ ਦੀ ਸੰਸਾ ਤਿਆਗ ਕੇ ਪ੍ਰਭੂ ਦੇ ਸਿਮਰਨ ਦੀ ਫ਼ਿਕਰ ਕਰਕੇ ਆਪਣੇ ਅੰਦਰ ਬੈਠੇ ਅਵਿਨਾਸ਼ੀ ਪ੍ਰਭੂ ਨੂੰ ਪ੍ਰਾਪਤ ਕਰ ਲੈ।

**ਬ-ਬ੍ਰਹਮ ਸੋ ਬ੍ਰਹਮ ਕਾ ਵੇਤਾ।**

**ਗਗਨ ਮੰਡਲ ਮੇਂ ਰਾਖੋ ਚੇਤਾ।**

ਬ੍ਰਹਮ ਗਿਆਨੀ ਉਹ ਹੈ ਜਿਸਨੇ ਬ੍ਰਹਮ ਨੂੰ ਜਾਣ ਲਿਆ ਹੈ। ਅਕਾਸ਼ ਦੇ ਸਾਰੇ ਮੰਡਲਾਂ ਵਿਚ ਉਸ ਨੂੰ ਚੇਤੇ ਰੱਖਿਆ ਹੈ।

**ਭ-ਭ੍ਰਮ ਮਿਟੇ ਜੋ ਪੰਚਮ ਸੀਜੇ,**

**ਜਾਏ ਤ੍ਰਿਵੈਣੀ ਮਜਨ ਕੀਜੇ।**

ਜਿਸ ਜੀਵ ਨੇ ਪੰਜਾਂ ਵਿਕਾਰਾਂ ਨੂੰ ਜਿੱਤ ਲਿਆ ਹੈ ਉਸਦਾ ਭਰਮ ਮਿਟ ਜਾਂਦਾ ਹੈ, ਫਿਰ ਉਹ ਜੀਵ ਤ੍ਰਿਕੁਟੀ ਤ੍ਰਿਵੈਣੀ ਵਿਚ ਪਹੁੰਚ ਕੇ ਪ੍ਰਭੂ ਦੇ ਨਾਮ ਵਿਚ ਇਸ਼ਨਾਨ ਕਰ ਲੈਂਦਾ ਹੈ।

**ਮ-ਮਨ ਕੋ ਗਗਨ ਸਮਾਓ।**

**ਕਹੇ ਰਵਿਦਾਸ ਪਰਮ ਪਦ ਪਾਓ।**

ਜੋ ਜੀਵ ਆਪਣੇ ਮਨ ਨੂੰ ਗਿਆਨ ਰੂਪੀ ਅਕਾਸ਼ ਵਿਚ ਸਮਾ ਲੈਂਦਾ ਹੈ, ਉਹ ਪਰਮ-ਪਦ ਨੂੰ ਪ੍ਰਾਪਤ ਕਰ ਲੈਂਦਾ ਹੈ।

**ਯ-ਯਾਦ ਕਰੋ, ਵਾਹ ਕੇ ਗੁਣ ਗਾਓ।**

**ਪਾਰ ਬ੍ਰਹਮ ਕੇ ਦਰਸ਼ਨ ਪਾਓ।**

ਹੇ ਭਾਈ! ਪ੍ਰਭੂ ਨੂੰ ਯਾਦ ਕਰਕੇ ਉਸ ਦੇ ਗੁਣ ਗਾ ਕੇ ਉਸ ਪਾਰਬ੍ਰਹਮ ਦੇ ਦਰਸ਼ਨ ਪਾ ਲਵੋ।

**ਰ-ਰਾਮ ਰਮੇ ਸੋ ਰਾਮ ਪਿਆਰਾ।**

**ਫਿਰ ਨ ਦੇਖਿਆ ਜਮ ਕਾ ਦਵਾਰਾ।**

ਜੋ ਪ੍ਰਭੂ–ਪ੍ਰੇਮੀ ਜੀਵ ਉਸ ਦੇ ਗੁਣ ਗਾ ਕੇ ਉਸ ਵਿਚ ਸਮਾ ਜਾਂਦਾ ਹੈ। ਉਸ ਜੀਵ ਨੂੰ ਜਮਾਂ ਦਾ ਦਵਾਰਾ ਦੇਖਣਾ ਨਹੀਂ ਪੈਂਦਾ।

**ਲ-ਲਿਵ ਲਗਾ ਲੇ ਭਾਈ।**

**ਜਮ ਕਾ ਤ੍ਰਾਸ ਨਿਕਟ ਨਾ ਆਈ।**

ਹੇ ਭਾਈ! ਤੂੰ ਉਸ ਪ੍ਰਭੂ ਨਾਲ ਲਿਵ ਲਗਾ। ਫਿਰ ਯਮਾਂ ਦਾ ਭੈਅ ਤੇਰੇ ਨੇੜੇ ਨਹੀਂ ਆਵੇਗਾ।

**ਵ-ਵਿਧੀਬਧ ਸਿਮਰਣ ਕੀਜੈ।**

**ਸੋਹੰ ਨਾਮ ਅਮੀ ਰਸ ਪੀਜੈ।**

ਜੋ ਜੀਵ ਗੁਰੂ ਜੀ ਦੀ ਦੱਸੀ ਹੋਈ ਵਿਧੀ ਅਨੁਸਾਰ ਸੋਹੰ ਸਿਮਰਨ ਕਰਦਾ ਹੈ, ਉਹੀ ਜੀਵ ਪ੍ਰਭੂ ਦੇ ਨਾਮ ਦਾ ਸ੍ਰੇਸ਼ਟ ਰਸ ਪੀਂਦਾ ਹੈ।

**ੜ-ੜਾੜ ਮਿਟਿ ਜਬ ਹੁਆ ਨਬੇੜਾ,**

**ਕਹੇ ਰਵਿਦਾਸ ਕਿਆ ਅਮਰ ਘਰ ਡੇਰਾ।**

ਪ੍ਰਭੂ ਦਾ ਨਾਮ ਰੂਪੀ ਸ੍ਰੇਸ਼ਟ ਰਸ ਪੀ ਕੇ ਜੀਵ ਦਾ ਸਾਰੇ ਬੰਧਨਾਂ ਤੋਂ ਛੁਟਕਾਰਾ ਹੋ ਜਾਂਦਾ ਹੈ ਅਤੇ ਉਸਦਾ ਪ੍ਰਭੂ ਦੇ ਅਮਰ ਘਰ ਵਿਚ ਵਾਸਾ ਹੋ ਜਾਂਦਾ ਹੈ।

**ਸੋਹੰ ਸ਼ਬਦ ਮਨ ਕੀਆ ਬਸੇਰਾ।**

**ਮੇਟ ਦਿਯਾ ਚੌਰਾਸੀ ਕਾ ਫੇਰਾ।**

ਜਿਸ ਜੀਵ ਦੇ ਮਨ ਵਿਚ ਪ੍ਰਭੂ ਦੇ ਸੋਹੰ ਸ਼ਬਦ ਦਾ ਬਸੇਰਾ ਹੋ ਜਾਂਦਾ ਹੈ, ਉਸ ਦਾ ਚੁਰਾਸੀ ਦਾ ਫੇਰਾ ਮਿਟ ਜਾਂਦਾ ਹੈ।

**ਓਂਕਾਰ ਬਾਵਨ ਕਾ ਪੈਂਤੀਸ ਮੇਂ ਜਪਿਓ ਹੈ ਸਾਰ।**

**ਸਰਵ ਦੇਵ ਸੰਤਨ ਕੋ ਕਰੇਂ ਹੈਂ ਨਮਸਕਾਰ।**

ਉਸ ਸਰਵ–ਵਿਆਪਕ ਪ੍ਰਭੂ ਦੀ ਪੈਂਤੀ ਅੱਖਰਾਂ ਵਿਚ ਉਸਤਤ ਕੀਤੀ ਗਈ ਹੈ। ਸਾਰੇ ਦੇਵਤਾ ਸੰਤਾਂ ਦੇ ਚਰਨਾਂ ਵਿਚ ਨਮਸਕਾਰ ਕਰਦੇ ਹਨ।

**ਪੈਂਤੀਸ ਮਾਤਰਾ ਪ੍ਰੇਮ ਸੇ ਸਿਮਰੇਂ ਹੈਂ ਨਿਜ ਦਾਸ।**

**ਜਿਨ ਸਿਮਰਿਓ ਸੋ ਮੁਕਤ ਹੈਂ ਕਹੇ ਸਦ ਰਵਿਦਾਸ।**

ਜਗਤਗੁਰੂ ਰਵਿਦਾਸ ਮਹਾਰਾਜ ਜੀ ਉਚਾਰਣ ਕਰਦੇ ਹਨ, ਜੋ ਜੀਵ ਪ੍ਰੇਮ ਸਹਿਤ ਪੈਂਤੀ ਅੱਖਰਾਂ ਦਾ ਪਾਠ ਕਰਦਾ ਹੈ ਅਤੇ ਪ੍ਰਭੂ ਦਾ ਦਾਸ ਬਣ ਕੇ ਸਿਮਰਨ ਕਰਦਾ ਹੈ ਉਹ ਮੁਕਤ ਹੋ ਜਾਂਦਾ ਹੈ।

**ਓਂਕਾਰ ਪੈਂਤੀਸ ਮਾਤਰਾ ਪ੍ਰੇਮ ਸੇ ਨਿਸਵਾਸਰ ਕਰ ਜਾਪ।**

**ਰਵਿਦਾਸ ਕਹੇ ਜੋ ਸਿਮਰਤੇ, ਮਿਟ ਗਏ ਤੀਨੋਂ ਤਾਪ।**

ਜਗਤਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਜੋ ਜੀਵ ਪ੍ਰਭੂ ਨੂੰ ਯਾਦ ਕਰਕੇ ਨਿਤਾਪ੍ਰਤੀ ਪ੍ਰੇਮ ਸਹਿਤ ਪੈਂਤੀਸ ਮਾਤਰਾ ਦਾ ਜਾਪ ਕਰਦਾ ਹੈ ਅਤੇ ਪ੍ਰਭੂ ਦਾ ਸਿਮਰਨ ਕਰਦਾ ਹੈ, ਉਸਦੇ ਤਿੰਨੇ ਤਾਪਾਂ ਦਾ ਨਾਸ਼ ਹੋ ਜਾਂਦਾ ਹੈ।

**ਓਂਕਾਰ ਪੈਂਤੀ ਮਾਤਰਾ ਪ੍ਰੇਮ ਸੇ ਸਿਮਰਣ ਕੀਓ ਮਨ ਵੈਰਾਗ।**

**ਰਵਿਦਾਸ ਕਹੇ ਜੋ ਸਿਮਰਤੇ, ਤਿਨ ਕੇ ਪੂਰਣ ਭਾਗ।**

ਜਗਤਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਨ ਕਰਦੇ ਹਨ ਕਿ ਪ੍ਰਭੂ ਦੀ ਸਿਫ਼ਤ ਵਿਚ ਲਿਖੇ ਗਏ ਪੈਂਤੀਸ ਮਾਤਰਾ ਦੇ ਪਾਠ ਕਰਨ ਨਾਲ ਜਿਸ ਜੀਵ ਦਾ ਮਨ ਵੈਰਾਗਮਈ ਹੋ ਜਾਂਦਾ ਹੈ, ਪ੍ਰਭੂ ਦਾ ਸਿਮਰਨ ਕਰਦਾ ਹੈ, ਉਹ ਸ਼੍ਰੇਸ਼ਟ ਭਾਗਾਂ ਵਾਲਾ ਹੈ।

**ਪੈਂਤੀਸ ਮਾਤਰਾ ਪ੍ਰੇਮ ਸੇ ਸਿਮਰਤੇ ਰਵਿ ਪ੍ਰਕਾਸ਼।**

**ਰਵਿਦਾਸ ਕਹੇ ਜੋ ਸਿਮਰਤੇ, ਮਿਟ ਗਏ ਜਮ ਕੇ ਤ੍ਰਾਸ।**

ਜਗਤਗੁਰੂ ਰਵਿਦਾਸ ਮਹਾਰਾਜ ਜੀ ਉਚਾਰਣ ਕਰਦੇ ਹਨ ਕਿ ਪੈਂਤੀਸ ਮਾਤਰਾ ਦਾ ਪ੍ਰੇਮ ਨਾਲ ਸਿਮਰਨ ਕਰਨ ਨਾਲ ਜੀਵ ਦੇ ਮਨ ਵਿਚ ਗਿਆਨ ਦਾ ਪ੍ਰਕਾਸ਼ ਹੋਣ ਨਾਲ ਜਮਾਂ ਦੇ ਦੁੱਖ ਤੋਂ ਮੁਕਤੀ ਮਿਲ ਜਾਂਦੀ ਹੈ।

**ਰਵਿਦਾਸ ਸਿਮਰਤ ਰਮਤੇ ਰਾਮ ਮੇਂ ਸਤਿ ਸ਼ਬਦ ਪ੍ਰਤੀਤ।**

**ਅਮਰ ਲੋਕ ਜਾਏ ਬਸਿਓ, ਕਾਲ ਕਸ਼ਟ ਕੋ ਜੀਤ।**

ਸਤਿਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਨ ਕਰਦੇ ਹਨ ਕਿ ਜੋ ਜੀਵ ਪ੍ਰਭੂ ਦਾ ਨਾਮ ਸਿਮਰਕੇ ਅਤੇ ਸਤਿ ਸ਼ਬਦ ਦੀ ਸੋਝੀ ਕਰਕੇ ਉਸ ਦਾ ਸਿਮਰਨ ਕਰਕੇ ਅਮਰ ਲੋਕ ਦਾ ਵਾਸੀ ਬਣ ਜਾਂਦਾ ਹੈ, ਉਹ ਕਾਲ ਦੇ ਸਾਰੇ ਕਸ਼ਟਾਂ ਨੂੰ ਜਿੱਤ ਲੈਂਦਾ ਹੈ।

**ਓਂਕਾਰ ਸਪਤ ਸਲੋਕੀ ਮਾਤਰਾ, ਸਤਿ ਕੀਓ ਜਗਦੀਸ਼।**

**ਅਮਰ ਲੋਕ ਵਾਸਾ ਕੀਆ, ਕਾਲ ਨਮਾਵੇਂ ਸ਼ੀਸ਼।**

ਜੋ ਜੀਵ ਪ੍ਰਭੂ ਦੇ ਸਤਿ ਸਲੋਕ ਮਾਤਰਾ ਦਾ ਜਾਪ ਕਰਕੇ ਪਰਮਾਤਮਾ ਨੂੰ ਸਤਿ ਜਾਣ ਕੇ ਅਮਰ ਲੋਕ ਦਾ ਵਾਸੀ ਬਣ ਜਾਂਦਾ ਹੈ, ਉਸ ਨੂੰ ਫਿਰ ਕਾਲ ਵੀ ਸੀਸ ਨਿਵਾਉਂਦਾ ਹੈ।

* * *

## ॥ ਬਾਣੀ ਹਫ਼ਤਾਵਾਰ ॥

### ਸੋਹੰ ਸਤਿਨਾਮ ਧਿਆਓ ॥

**ਐਤਵਾਰ ਅੰਮ੍ਰਿਤ ਦਾ ਭਰਿਆ ਬੋਲੈ ਅੰਮ੍ਰਿਤ ਬੈਨ ॥ ਗੁਰੂ ਕਾ ਸ਼ਬਦ ਜਪੋ ਦਿਨ ਰਾਤੀ ਤਾ ਆਵੈ ਸੁਖ ਚੈਨ ॥ ਐਤਵਾਰ ਵੀ ਸਫਲ ਹੈ ਹਰਿ ਕਾ ਸਿਮਰਨ ਸਾਰ ॥ ਰਵਿਦਾਸ ਜੋ ਨਾਮ ਉਚਾਰਿਏ ਪਾਇਆ ਮੁਖ ਦੁਆਰ ॥ ੧ ॥ ਟੇਕ ॥**

ਐਤਵਾਰ ਦਾ ਦਿਨ ਹਰਿ ਦਾ ਸਿਮਰਨ ਕਰਨ ਨਾਲ ਅੰਮ੍ਰਿਤ ਦਾ ਭਰਿਆ ਹੋਇਆ ਪ੍ਰਤੀਤ ਹੁੰਦਾ ਹੈ ਅਤੇ ਅੰਮ੍ਰਿਤਮਈ ਬੋਲ ਬੋਲੇ ਜਾਂਦੇ ਹਨ। ਗੁਰੂ ਦੇ ਸ਼ਬਦ ਦਾ ਦਿਨ ਰਾਤ ਜਾਪ ਕਰਨ ਨਾਲ ਸੁੱਖਾਂ ਦੀ ਪ੍ਰਾਪਤੀ ਅਤੇ ਸੱਚਾ ਸੁਖ ਪ੍ਰਾਪਤ ਹੁੰਦਾ ਹੈ। ਐਤਵਾਰ ਉਹਨਾਂ ਜੀਵਾਂ ਦਾ ਸਫ਼ਲ ਹੈ ਜਿਨ੍ਹਾਂ ਨੇ ਹਰਿ ਦੇ ਸਿਮਰਨ ਨੂੰ ਹਿਰਦੇ ਵਿਚ ਸੰਭਾਲਿਆ ਹੈ। ਜਗਤਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਜੋ ਜੀਵ

ਹਰਿ ਦਾ ਨਾਮ ਉਚਾਰਨ ਕਰਦੇ ਹਨ, ਉਨ੍ਹਾਂ ਨੂੰ ਮੁਕਤੀ ਦਾ ਦੁਵਾਰ ਪ੍ਰਾਪਤ ਹੋ ਜਾਂਦਾ ਹੈ।

**ਸੋਮਵਾਰ ਸਭ ਠੋਰ ਮੇਂ ਜਲੇ ਥਲੇ ਭਗਵਾਨ॥ ਮਹਿਮਾ ਪ੍ਰਭੂ ਗਾਈਏ ਤਬ ਹੋਵੇ ਕਲਿਆਣ॥ ਗੋਬਿੰਦ ਗੋਬਿੰਦ ਜਾਪ ਸੇ ਆਵੈ ਸਦਾ ਅਨੰਦ॥ ਸੋਮਵਾਰ ਸੁਖ ਦਾ ਜਪੋ ਜਪੋ ਰਵਿਦਾਸ ਮੁਕੰਦ॥੨॥ ਟੇਕ॥**

ਸੋਮਵਾਰ ਹਰਿ ਦਾ ਸਿਮਰਨ ਕਰਨ ਨਾਲ ਪਾਣੀ ਧਰਤੀ ਪਤਾਲ ਭਾਵ ਸਭ ਸਥਾਨਾਂ 'ਤੇ ਪ੍ਰਭੂ ਦਾ ਅਨੁਭਵ ਹੁੰਦਾ ਹੈ ਅਤੇ ਪ੍ਰਭੂ ਦੀ ਮਹਿਮਾ ਕਰਨ ਨਾਲ ਜੀਵ ਦਾ ਕਲਿਆਣ ਹੁੰਦਾ ਹੈ। ਗੋਬਿੰਦ ਦਾ ਸਿਮਰਨ ਕਰਨ ਨਾਲ ਜੀਵ ਨੂੰ ਸਦਾ ਆਨੰਦ ਦੀ ਪ੍ਰਾਪਤੀ ਹੁੰਦੀ ਹੈ। ਸਤਿਗੁਰੂ ਰਵਿਦਾਸ ਮਹਾਰਾਜ ਜੀ ਉਚਾਰਣ ਕਰਦੇ ਹਨ ਕਿ ਸੋਮਵਾਰ ਉਹ ਜੀਵ ਸੁਖੀ ਹੈ ਜੋ ਜੀਵ ਮੁਕੰਦ ਦਾ ਜਾਪ ਕਰਦੇ ਹਨ।

**ਮੰਗਲਵਾਰ ਆਵੈ ਸਦਾ ਹੋਵੇ ਮੰਗਲਚਾਰ॥ ਰਲਮਿਲ ਸਖੀਆਂ ਸਿਮਰਲੋ ਹਰਿ ਹਰਿ ਨਾਮ ਅਧਾਰ॥ ਪ੍ਰੀਤਮ ਚਰਨੀ ਲਾਗਿਆ ਕਭੀ ਨਾ ਆਵੈ ਹਾਰ॥ ਮੰਗਲਵਾਰ ਸੁਲਖਣਾ ਕਹਿ ਰਵਿਦਾਸ ਬਿਚਾਰ॥੩॥ ਟੇਕ॥**

ਮੰਗਲਵਾਰ ਨੂੰ ਹਰਿ ਦਾ ਸਿਮਰਨ ਕਰਨ ਨਾਲ ਜੀਵ ਦੇ ਅੰਦਰ ਹਮੇਸ਼ਾਂ ਮੰਗਲਚਾਰ ਹੁੰਦਾ ਹੈ, ਹੇ ਸਹੇਲੀਓ ਹਰਿ-ਹਰਿ ਨਾਮ ਜੀਵਨ ਦਾ ਅਧਾਰ ਹੈ, ਉਸ ਦਾ ਸਿਮਰਨ ਕਰੋ। ਹਰਿ ਪ੍ਰੀਤਮ ਦੇ ਚਰਨੀਂ ਲੱਗਣ ਨਾਲ ਜੀਵ ਦੀ ਕਦੇ ਵੀ ਹਾਰ ਨਹੀਂ ਹੁੰਦੀ। ਜਗਤਗੁਰੂ ਰਵਿਦਾਸ ਜੀ ਮਹਾਰਾਜ ਵਿਚਾਰ ਕੇ ਫ਼ਰਮਾਉਂਦੇ ਹਨ ਕਿ ਹਰਿ ਦਾ ਸਿਮਰਨ ਕਰਨ ਨਾਲ ਮੰਗਲਵਾਰ ਸੁਲੱਖਣਾ ਬਣ ਜਾਂਦਾ ਹੈ।

**ਬੁਧਵਾਰ ਬੋਧ ਸਦਾ ਹੋਵੈ ਗਿਆਨ ਪ੍ਰਕਾਸ਼॥ ਗੁਰੂ ਪ੍ਰੇਮ ਪੂਰੇ ਜੋ ਮਿਲੈ ਟੂਟੇ ਜਮ ਕੀ ਫਾਸ॥ ਅੰਤ ਸਹਾਈ ਪ੍ਰਭੂ ਭਏ ਕਰਮ ਕਮਾਇ ਸੋਇ॥ ਬੁਧਵਾਰ ਬੁਧ ਸਫਲ ਹੈ ਰਵਿਦਾਸ ਜੋ ਭਗਤ ਹੋਇ॥੪॥ ਟੇਕ॥**

ਬੁੱਧਵਾਰ ਪ੍ਰਭੂ ਦਾ ਸਿਮਰਨ ਕਰਨ ਨਾਲ ਸਦਾ ਹੀ ਜੀਵ ਦੇ ਅੰਦਰ ਗਿਆਨ ਦਾ ਪ੍ਰਕਾਸ਼ ਹੁੰਦਾ ਹੈ, ਪੂਰਨ ਗੁਰੂ ਨਾਲ ਪ੍ਰੇਮ ਕਰਨ ਨਾਲ ਜਮਾਂ ਦੀ ਫਾਹੀ ਟੁੱਟ ਜਾਂਦੀ ਹੈ। ਅੰਤ ਸਮੇਂ ਪ੍ਰਭੂ ਜੀਵਾਂ 'ਤੇ ਕਿਰਪਾ ਕਰਦਾ ਹੈ। ਜਗਤਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਪ੍ਰਭੂ ਦਾ ਸਿਮਰਨ ਕਰਨ ਨਾਲ ਜੀਵ ਸਫ਼ਲ ਹੋ ਜਾਂਦਾ ਹੈ।

**ਵੀਰਵਾਰ ਵਿਦਿਆ ਬੜੈ ਪੁੰਨ ਪੁਨਾ ਅਭਿਆਸ॥ ਸਤਿਗੁਰ ਪੂਰੇ ਮਿਲਨ ਸੇ ਹੋਵੇ ਆਤਮ ਪ੍ਰਕਾਸ਼॥ ਗੁਰੂ ਗਿਆਨ ਕਾ ਮੂਲ ਹੈ ਧਰਮ ਮੂਲ ਕਾ ਹਿਤਕਾਰ॥ ਵੀਰਵਾਰ ਬਿਚਾਰੀਏ ਨਸੈ ਪਾਪ ਹਜਾਰ॥ ੫॥ ਟੇਕ॥**

ਵੀਰਵਾਰ ਪ੍ਰਭੂ ਦੇ ਸਿਮਰਨ ਦਾ ਵਾਰ-ਵਾਰ ਅਭਿਆਸ ਕਰਨ ਨਾਲ ਗਿਆਨ ਵਿਚ ਵਾਧਾ ਹੁੰਦਾ ਹੈ, ਪੂਰਨ ਸਤਿਗੁਰੂ ਦੇ ਮਿਲਣ ਨਾਲ ਜੀਵ ਦੇ ਅੰਦਰ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ। ਸਤਿਗੁਰੂ ਗਿਆਨ ਦਾ ਅਧਾਰ (ਮੁੱਢ) ਹੈ। ਧਰਮ ਦਾ ਮੂਲ ਦਇਆ ਹੈ। ਵੀਰਵਾਰ ਨੂੰ ਪ੍ਰਭੂ ਦੇ ਨਾਮ ਦੀ ਵਿਚਾਰ ਕਰਨ ਨਾਲ ਹਜ਼ਾਰਾਂ ਪਾਪਾਂ ਦਾ ਨਾਸ਼ ਹੋ ਜਾਂਦਾ ਹੈ।

**ਸ਼ੁਕਰਵਾਰ ਸੁਹਾਵਨਾ ਛਿਨ ਛਿਨ ਭਜੈ ਕਰਤਾਰ॥ ਵਿਛੈ ਬਾਸ਼ਨਾ ਝੂਠੀਆਂ ਦੇਵੈ ਨਰਕਾਂ ਡਾਰ॥ ਗਤਿ ਕਰਮਾਂ ਅਨੁਸਰਾ ਹੈ ਜੈਸਾ ਜੈਸਾ ਹੋਵੈ॥ ਸ਼ੁਕਰਵਾਰ ਸੁਹਾਵਣਾ ਰਵਿਦਾਸੀ ਨਾਮ ਜਪੇਵੈ॥੬॥ ਟੇਕ॥**

ਸ਼ੁੱਕਰਵਾਰ ਨੂੰ ਸੁਆਸ-ਸੁਆਸ ਹਰਿ ਦਾ ਸਿਮਰਨ ਕਰਨ ਨਾਲ ਸੁਹਾਵਣਾ ਬਣ ਜਾਂਦਾ ਹੈ। ਪ੍ਰਭੂ ਦੇ ਸਿਮਰਨ ਤੋਂ ਬਿਨਾਂ ਝੂਠੀਆਂ ਵਿਸ਼ੇ-ਵਾਸ਼ਨਾਵਾਂ ਜੀਵ ਨੂੰ ਨਰਕਾਂ ਵਿਚ ਸੁੱਟ ਦਿੰਦੀਆਂ ਹਨ। ਮੁਕਤੀ ਪ੍ਰਭੂ ਦਾ ਸਿਮਰਨ ਅਤੇ ਸ੍ਰੇਸ਼ਟ ਕਰਮ ਕਰਨ ਨਾਲ ਪ੍ਰਾਪਤ ਹੁੰਦੀ ਹੈ। ਜਗਤਗੁਰੂ ਰਵਿਦਾਸ ਜੀ ਮਹਾਰਾਜ ਉਚਾਰਣ ਕਰਦੇ ਹਨ ਕਿ ਪ੍ਰਭੂ ਦਾ ਸਿਮਰਨ ਕਰਨ ਨਾਲ ਸ਼ੁੱਕਰਵਾਰ ਸੁਹਾਵਣਾ ਹੋ ਜਾਂਦਾ ਹੈ।

**ਸ਼ਨੀਵਾਰ ਭਜਨ ਸ੍ਰਿਸ਼ਟ ਸਤ ਸਤ ਸਭ ਵਾਰ॥ ਸ਼ੁਭ ਕਰਮਾਂ ਸੇ ਸਫਲ ਹੈ ਆਵਣ ਜਾਣ ਸੰਸਾਰ॥ ਬਿਨ ਭਜਨ ਬਿਰਥਾ ਸਭ ਜਾਨਤੇ ਜੋ ਜੋ ਆਵਤਵਾਰ॥ ਬਾਰਮ ਬਾਰ ਹਰਿ ਸਿਮਰੀਏ ਕਹਿ ਰਵਿਦਾਸ ਬਿਚਾਰ॥੭॥ ਟੇਕ॥**

ਸ਼ਨੀਵਾਰ ਹਰਿ ਦਾ ਭਜਨ ਕਰਨ ਨਾਲ ਹਰ ਦਿਨ ਸ਼ੁਭ ਲੱਗਦਾ ਹੈ। ਚੰਗੇ ਕਰਮਾਂ ਦੇ ਕਰਨ ਨਾਲ ਸੰਸਾਰ ਤੇ ਆਉਣਾ ਜਾਣਾ ਸਫ਼ਲ ਹੋ ਜਾਂਦਾ ਹੈ। ਹਰਿ ਦੇ ਨਾਮ ਬਿਨਾਂ ਹਰ ਦਿਨ ਨੂੰ ਵਿਅਰਥ ਜਾਨਣਾ ਚਾਹੀਦਾ ਹੈ। ਜਗਤਗੁਰੂ ਰਵਿਦਾਸ ਜੀ ਮਹਾਰਾਜ ਵਿਚਾਰ ਕੇ ਉਚਾਰਣ ਕਰਦੇ ਹਨ ਕਿ ਵਾਰ-ਵਾਰ ਹਰਿ ਦਾ ਸਿਮਰਨ ਕਰਨ ਨਾਲ ਜੀਵਨ ਸਫ਼ਲ ਹੋ ਜਾਂਦਾ ਹੈ।

## ॥ ਪੰਦਰਾ ਤਿਥੀ ॥

### ਸੋਹੰ ਸਤਿਨਾਮ ਧਿਆਓ॥

**ਅਮਾਵਸ ਜੋ ਹੈ ਭਾਖਿਆ ਜਾਨੋ ਮੀਤ॥ ਸ਼੍ਰਿਸਟ ਮੁਨੀ ਸਭ ਗਾਵਦੇ ਗੀਤ॥ ਅਮਾਵਸ ਹੈ ਛੂਤ ਸਦਾ ਬਸੈ ਹੈ ਜਗ ਜੀਤ॥ ਬਿਰਲੈ ਬਿਰਲੈ ਪੀਵਗੇ ਸੋਹੰ ਰਸ ਸੁਰਜੀਤ॥ ੧॥ ਭਗਤਾ ਸੇਤੀ ਗੋਸ਼ਟੀ ਜਾਇ ਸਭੀ ਬਿਹਾਇ॥ ਆਉਨਾ ਉਸਕਾ ਸਫਲ ਹੈ ਜੋ ਜਾਤੇ ਲਾਭ ਉਠਾਇ॥ ਅਮਾਵਸ ਹੈ ਜੋ ਆਉਂਦਿਆਂ ਆਵਨ ਜਾਵਨ ਗੀਤ। ਕਹਿ ਰਵਿਦਾਸ ਵਿਚਾਰਕੇ ਰਾਖੋ ਹਰਿ ਸੇ ਪ੍ਰੀਤ॥ ੨॥ ੧॥ ਟੇਕ॥**

ਮੱਸਿਆ ਤਿਥੀ ਨੂੰ ਜੀਵ ਪ੍ਰਭੂ ਦਾ ਸਿਮਰਨ ਕਰ, ਹੇ ਮੇਰੇ ਸੱਜਣ, ਜੋ ਗੁਰੂ ਨੇ ਉਚਾਰਨ ਕੀਤਾ ਹੈ, ਉਸਤੇ ਚੱਲ। ਇਸ ਸ੍ਰਿਸ਼ਟੀ ਦੇ ਸਾਰੇ ਮੁਨੀ ਉਸ ਪ੍ਰਭੂ ਦੇ ਗੁਣਾਂ ਦੇ ਗੀਤ ਗਾਉਂਦੇ ਹਨ, ਮੱਸਿਆ ਵਿਚ ਜੀਵ ਅੰਦਰ ਸਦਾ ਵੱਸ ਰਹੇ ਪ੍ਰਭੂ ਨੂੰ ਪ੍ਰਾਪਤ ਕਰਕੇ ਸੰਸਾਰ ਨੂੰ ਜਿੱਤ ਲੈਂਦਾ ਹੈ। ਵਿਰਲੇ-ਵਿਰਲੇ ਜੀਵ ਸੋਹੰ ਦੇ ਨਾਮ ਰੂਪੀ ਰਸ ਨੂੰ ਪੀ ਕੇ ਅਮਰ ਹੋ ਜਾਂਦੇ ਹਨ। ਜੋ ਜੀਵ ਪ੍ਰਭੂ ਦੇ ਭਗਤ ਨਾਲ ਗੋਸ਼ਟੀ ਕਰਦੇ ਹਨ ਉਨ੍ਹਾਂ

ਦਾ ਆਉਣਾ ਸਫ਼ਲ ਹੋ ਜਾਂਦਾ ਹੈ ਅਤੇ ਲਾਭ ਪ੍ਰਾਪਤ ਕਰਦੇ ਹਨ। ਮੱਸਿਆ ਦੇ ਆਉਣ ਜਾਣ ਦੀ ਰੀਤ ਚੱਲਦੀ ਰਹਿੰਦੀ ਹੈ। ਜਗਤਗੁਰੂ ਰਵਿਦਾਸ ਮਹਾਰਾਜ ਜੀ ਉਚਾਰਣ ਕਰਦੇ ਹਨ ਕਿ ਹਰਿ ਨਾਲ ਹਮੇਸ਼ਾਂ ਪ੍ਰੀਤੀ ਕਰਨੀ ਚਾਹੀਦੀ ਹੈ।

**ਏਕਮ ਏਕ ਪਰਮਾਤਮਾ ਸੰਸਾਰੈ ਹੈ ਪ੍ਰਕਾਸ਼॥ ਸਵਾਸ ਸਵਾਸ ਤੂੰ ਸਿਮਰਲੈ ਤੋੜੇ ਜਮ ਕੀ ਫਾਸ॥ ੧॥ ਦੀਨ ਬੰਧੂ ਦਿਆਲ ਜੋ ਸੋਇ ਹੈ ਸਿਮਰਨ ਸਾਰ॥ ਜਗਤ ਸਦਾ ਜੋ ਸੁਖ ਦੇਵੇ ਅੰਤਰ ਹੋਇ ਆਧਾਰ॥ ੨॥ ਹਸਤੀ ਚੀਟੀ ਆਦਿ ਲੈ ਜੀਵਨ ਹੁਕਮ ਅਨੁਸਾਰ॥ ਭਜਨ ਕਰੋ ਜਨ ਪਾਲਕਾ ਹੋਨਾ ਜੇਕਰ ਪਾਰ॥ ੩॥ ਏਕਮ ਏਕ ਪਰਮਾਤਮਾ ਰੱਖਣੀ ਉਸਕੀ ਆਸ॥ ਸਤਿ ਸਤਿ ਪ੍ਰਭੂ ਸਿਮਰਤੇ ਸਚ ਕਹੈ ਰਵਿਦਾਸ॥ ੪॥ ੨॥ ਟੇਕ॥**

ਪਹਿਲੀ ਤਿੱਥ ਵਿਚ ਪ੍ਰਭੂ ਦਾ ਸਿਮਰਨ ਕਰਨ ਨਾਲ ਸਾਰੇ ਸੰਸਾਰ ਵਿਚ ਉਸਦਾ ਪ੍ਰਕਾਸ਼ ਅਨੁਭਵ ਹੁੰਦਾ ਹੈ। ਸਵਾਸ-ਸਵਾਸ ਪ੍ਰਭੂ ਦਾ ਸਿਮਰਨ ਕਰਨ ਨਾਲ ਜਮਾਂ ਦੀ ਫਾਹੀ ਟਲ ਜਾਂਦੀ ਹੈ। ਗਰੀਬਾਂ ਦਾ ਸਹਾਇਕ ਅਤੇ ਦਿਆਲੂ ਪ੍ਰਭੂ ਦਾ ਸਿਮਰਨ ਕਰਨਾ ਹੀ ਸ੍ਰੇਸ਼ਟ ਹੈ। ਜਗਤ ਵਿਚ ਪ੍ਰਭੂ ਸਦਾ ਸੁੱਖ ਦੇਣ ਵਾਲਾ ਅਤੇ ਜੀਵਾਂ ਦਾ ਉਦਾਰ ਕਰਨ ਵਾਲਾ ਹੈ। ਹਾਥੀ ਤੋਂ ਲੈ ਕੇ ਕੀੜੀ ਤੱਕ ਸਾਰੇ ਜੀਵ ਉਸਦੇ ਹੁਕਮ ਵਿਚ ਹਨ। ਜੇਕਰ ਜੀਵ ਨੂੰ ਸੰਸਾਰ ਸਾਗਰ ਤੋਂ ਪਾਰ ਹੋਣਾ ਹੈ ਤਾਂ ਪ੍ਰਭੂ ਦਾ ਸਿਮਰਨ ਕਰਕੇ ਏਕਮ ਤਿੱਥ ਵਿਚ ਪ੍ਰਭੂ 'ਤੇ ਆਸ ਰੱਖਣੀ ਚਾਹੀਦੀ ਹੈ। ਜਗਤਗੁਰੂ ਰਵਿਦਾਸ ਜੀ ਮਹਾਰਾਜ ਸਤਿ ਉਚਾਰਣ ਕਰਦੇ ਹਨ ਕਿ ਹਮੇਸ਼ਾਂ ਰਹਿਣ ਵਾਲੇ ਪ੍ਰਭੂ ਦਾ ਸਿਮਰਨ ਕਰਨਾ ਚਾਹੀਦਾ ਹੈ।

**ਦੂਜੀ ਦੁਰਮਤਿ ਦੂਰ ਕਰ ਰੱਖਣਾ ਗੁਰੂ ਸੇ ਨੇਊ॥ ਸਫਲ ਕਰਮ ਤਬ ਹੋਣਗੇ ਗਤੀ ਪਾਵੈ ਇਹ ਦੇਹੂ॥ ੧॥ ਦੂਜੀ ਦੁਰਮਤਿ ਦੂਰ ਕਰ ਦਇਆ**

**ਧਰਮ ਕਿਰਪਾਲ॥ ਸਤਿ ਸੇ ਕਰ ਗੋਸ਼ਠੀ ਹਿਰਦਿਆ ਬਸੈ ਗੋਪਾਲ॥ ੨॥ ਸੁਭ ਕਰਮਾ ਫਲ ਸੁਭ ਹੈ ਕਰਮਾਂ ਸੰਦਣਾ ਖੇਤ॥ ਪਾਪ ਕਰਮ ਦੇ ਕੀਤਿਕ ਸਦਾ ਹਾਰ ਨਹੀਂ ਜੀਤ॥ ੩॥ ਦੂਜੀ ਦੁਰਮਤਿ ਤਿਆਗ ਕਰ ਲੀਲਾ ਅਜਬ ਪਹਿਚਾਨ॥ ਕਹਿ ਰਵਿਦਾਸ ਬਿਚਾਰ ਕੇ ਭਗਤ ਭਜਨ ਕਲਿਆਣ॥ ੪॥ ੩॥ ਟੇਕ॥**

ਦੂਜੀ ਤਿੱਥ ਵਿਚ ਜੀਵ ਨੂੰ ਦੁਰਮਤ ਤਿਆਗ ਕੇ ਗੁਰੂ ਨਾਲ ਪ੍ਰੇਮ ਕਰਨਾ ਚਾਹੀਦਾ ਹੈ। ਜਿਸ ਨਾਲ ਜੀਵ ਦੇ ਸਾਰੇ ਕਾਰਜ ਸਫ਼ਲ ਹੋਣਗੇ ਅਤੇ ਮੁਕਤੀ ਪ੍ਰਾਪਤ ਹੋਵੇਗੀ। ਦੂਸਰਿਆਂ ਪ੍ਰਤੀ ਖੋਟੀ ਮੱਤ ਨੂੰ ਤਿਆਗ ਕੇ ਜੀਵ ਨੂੰ ਦਇਆਵਾਨ ਧਰਮੀ ਅਤੇ ਕ੍ਰਿਪਾਲੂ ਬਣਨਾ ਚਾਹੀਦਾ ਹੈ। ਪ੍ਰਭੂ ਦੇ ਸੰਤਾਂ ਨਾਲ ਸਤਿ ਦੀ ਵਿਚਾਰ ਕਰਨ ਨਾਲ ਪ੍ਰਭੂ ਹਿਰਦੇ ਵਿਚ ਵੱਸਦਾ ਹੋਇਆ ਅਨੁਭਵ ਹੁੰਦਾ ਹੈ। ਚੰਗੇ ਕਰਮਾਂ ਦਾ ਫ਼ਲ ਸ੍ਰੇਸ਼ਟ ਹੈ। ਸੰਸਾਰ ਕਰਮਾਂ ਰੂਪੀ ਖੇਤ ਹੈ। ਪਾਪ ਕਰਮ ਦੇ ਕਰਨ ਨਾਲ ਹਮੇਸ਼ਾਂ ਹਾਰ ਹੁੰਦੀ ਹੈ ਜਿੱਤ ਨਹੀਂ। ਹੇ ਜੀਵ! ਦੁਰਮਤ ਨੂੰ ਤਿਆਗ ਕੇ ਪ੍ਰਭੂ ਦੀ ਨਿਰਾਲੀ ਲੀਲਾ ਦੀ ਪਹਿਚਾਣ ਕਰ। ਜਗਤਗੁਰੂ ਰਵਿਦਾਸ ਮਹਾਰਾਜ ਜੀ ਵਿਚਾਰ ਕੇ ਫ਼ਰਮਾਉਂਦੇ ਹਨ ਕਿ ਪ੍ਰਭੂ ਦੇ ਭਜਨ ਕਰਨ ਨਾਲ ਭਗਤਾਂ ਦਾ ਕਲਿਆਣ ਹੁੰਦਾ ਹੈ।

**ਸੰਸਾਰੀ ਤ੍ਰਿਸ਼ਨਾ ਤਿਆਗ ਕੇ ਤਨ ਮਨ ਧਨ ਗੁਰੂਦੇਵ॥ ਮਿਥਿਆ ਸਭ ਕੋ ਜਾਨਕੇ ਰੱਖ ਨਾਮ ਸਨੇਹ॥ ੧॥ ਕਰਮੀ ਭਗਤੀ ਕਰਨ ਸੇ ਹੋਵੈ ਜਗਤ ਅਧਾਰ॥ ਵਹਿ ਸੋਭਾ ਅਤਿ ਘਨੀ ਅਗੇ ਮਿਲੈ ਭੰਡਾਰ॥ ੨॥ ਤੀਰਥ ਫਲ ਨਾ ਬਰਤ ਫਲ ਨਹੀਂ ਜਗ ਕੋਈ ਪਾਇ।. ਮਨ ਮਹਿ ਹਊਮੈ ਅਹੰਕਾਰ ਜੋਇ ਬਿਰਥਾ ਸਭਹੀ ਜਾਇ॥ ੩॥ ਤ੍ਰਿਤਿਏ ਤਿਆਗੀਏ ਮਾਨ ਕੋ ਖੋਟੇ ਕਰਮ ਹੰਕਾਰ॥ ਹਰਿ ਹਰਿ ਨਾਮ ਉਚਾਰੀਏ ਕਹਿ ਰਵਿਦਾਸ ਪੁਕਾਰ॥ ੪॥ ੪॥ ਟੇਕ॥**

ਹੇ ਜੀਵ! ਸੰਸਾਰ ਦੀ ਤ੍ਰਿਸ਼ਨਾ ਤਿਆਗ ਕੇ ਆਪਣਾ ਤਨ,

ਮਨ, ਧਨ ਗੁਰਦੇਵ ਨੂੰ ਸਮਰਪਿਤ ਕਰ। ਸੰਸਾਰ ਨੂੰ ਮਿੱਥਿਆ ਜਾਣ ਕੇ ਹਰਿ ਦੇ ਨਾਮ ਨਾਲ ਪ੍ਰੇਮ ਕਰ। ਪ੍ਰਭੂ ਦੀ ਭਗਤੀ ਕਰਨ ਨਾਲ ਸੰਸਾਰ ਦਾ ਉਦਾਰ ਹੁੰਦਾ ਹੈ ਅਤੇ ਜੀਵ ਦੀ ਸ਼ੋਭਾ ਹੁੰਦੀ ਹੈ। ਪ੍ਰਭੂ ਦੇ ਨਾਮ ਦਾ ਬੇਅੰਤ ਖ਼ਜ਼ਾਨਾ ਪ੍ਰਾਪਤ ਹੁੰਦਾ ਹੈ। ਤੀਰਥ ਫਲ ਅਤੇ ਵਰਤ ਫਲ ਸੰਸਾਰ ਵਿੱਚ ਕਿਸੇ ਵੀ ਜੀਵ ਨੂੰ ਪ੍ਰਾਪਤ ਨਹੀਂ ਹੁੰਦਾ। ਮਨ ਵਿੱਚ ਹੰਕਾਰ ਕਾਰਨ ਸਭ ਕੁਝ ਕੀਤਾ ਹੋਇਆ ਵਿਅਰਥ ਚਲਾ ਜਾਂਦਾ ਹੈ। ਤੀਜੇ ਥਿੱਤ ਵਿਚ ਮਾਣ, ਖੋਟੇ ਕਰਮ ਅਤੇ ਹੰਕਾਰ ਤਿਆਗਣੇ ਚਾਹੀਦੇ ਹਨ। ਜਗਤਗੁਰੂ ਰਵਿਦਾਸ ਜੀ ਮਹਾਰਾਜ ਪੁਕਾਰ ਕੇ ਸਮਝਾਉਂਦੇ ਹਨ ਕਿ ਜੀਵ ਨੂੰ ਹਰਿ ਹਰਿ ਨਾਮ ਜਪਣਾ ਚਾਹੀਦਾ ਹੈ।

**ਚੌਥ ਚਾਰੋ ਤਰਫ ਮਹਿ ਦਸੋਂ ਦਿਸਾ ਚੋਗਿਰਦ॥ ਜਲੈ ਥਲੈ ਪ੍ਰਭੂ ਆਪ ਹੈ ਰਾਖੋ ਨਾਮ ਕੀ ਵਿਰਦ॥ ੧॥ ਚਮਨ ਜੋ ਤੁਝੈ ਦਿਖ ਰਹਾ ਰਹਿਨਾ ਨਹੀਂ ਹਮੇਸ਼॥ ਛਣ ਮੰਗੂਰ ਸ਼ਰੀਰ ਹੈ ਬਦਨ ਰਹਿਤ ਨਾ ਕੇਸ॥ ੨॥ ਸਹਾਇਤਾ ਕੋਈ ਨਾ ਕਰ ਸਕੇ ਜਿਨ ਸੋ ਲਾਇਆ ਹੇਤ॥ ਅੰਤ ਸਮੇਂ ਛਡ ਜਾਇਗੇ ਮੁੱਖ ਸੇਵਨ ਪ੍ਰੇਤ॥ ੩॥ ਚੌਥ ਚੋਰੀ ਨਾ ਕਰੋ ਤਿਆਗੋ ਵਿਸ਼ੈ ਬਿਕਾਰ॥ ਗੋਬਿੰਦ ਸਿਮਰਨਿ ਸਾਰ ਹੈ ਕਹਿ ਰਵਿਦਾਸ ਵਿਚਾਰ॥੪॥੫॥ ਟੇਕ॥**

ਚੌਥੇ ਤਿੱਥ ਵਿਚ ਚਾਰੋਂ ਤਰਫ਼ ਦਸਾਂ ਦਿਸ਼ਾਵਾਂ ਵਿਚ ਪਾਣੀ ਧਰਤੀ ਹਰ ਪਾਸੇ ਪ੍ਰਭੂ ਬਿਰਾਜਮਾਨ ਹੈ ਅਤੇ ਜੀਵਾਂ ਦੀ ਲਾਜ ਰੱਖਦਾ ਹੈ। ਸੰਸਾਰ, ਜੋ ਦਿਸ ਰਿਹਾ ਹੈ ਹਮੇਸ਼ਾਂ ਰਹਿਣ ਵਾਲਾ ਨਹੀਂ ਹੈ। ਸਰੀਰ ਛਿਨ ਵਿਚ ਨਾਸ਼ ਹੋਣ ਵਾਲਾ ਹੈ। ਇਸਨੇ ਹਮੇਸ਼ਾਂ ਨਹੀਂ ਰਹਿਣਾ। ਪ੍ਰਭੂ ਤੋਂ ਬਿਨਾਂ ਜਿਨ੍ਹਾਂ ਜੀਵਾਂ ਨੂੰ ਪ੍ਰੇਮ ਕੀਤਾ ਹੈ ਉਹ ਸਹਾਇਤਾ ਨਹੀਂ ਕਰਦੇ ਅਤੇ ਅੰਤ ਸਮੇਂ ਸਾਥ ਛੱਡ ਜਾਂਦੇ ਹਨ ਅਤੇ ਫਿਰ ਇਸਨੂੰ ਪ੍ਰੇਤ ਕਹਿੰਦੇ ਹਨ। ਚੌਥੀ ਤਿੱਥ ਰਾਹੀਂ ਉਪਦੇਸ਼ ਦਿੰਦੇ ਹਨ ਕਿ ਜੀਵ ਨੂੰ ਚੋਰੀ ਨਹੀਂ ਕਰਨੀ ਚਾਹੀਦੀ ਅਤੇ ਵਿਸ਼ੇ ਵਿਕਾਰਾਂ ਨੂੰ ਤਿਆਗਣਾ ਚਾਹੀਦਾ ਹੈ। ਜਗਤਗੁਰੂ ਰਵਿਦਾਸ ਮਹਾਰਾਜ ਜੀ ਵਿਚਾਰ ਕੇ ਉਚਾਰਣ ਕਰਦੇ ਹਨ ਕਿ ਪ੍ਰਭੂ ਦਾ ਸਿਮਰਨ ਹੀ ਸ਼੍ਰੇਸ਼ਟ ਹੈ।

**ਪੰਚਮੀ ਪ੍ਰੀਤਮ ਜਾਨ ਲਉ ਸਭਨਾ ਹੈ ਭਗਵੰਤ ॥ ਬ੍ਰਾਹਮਣ ਆਦਿਕ ਸਿਮਰਤੇ ਕੋਈ ਨਾ ਪਾਇਆ ਅੰਤ ॥ ੧ ॥ ਪੰਚ ਤਤਵ ਕੀ ਰਚਨਾ ਹੈ ਜੋ ਦਿਖੈ ਆਕਾਰ ॥ ਤਿਸਮੇ ਹੋਵੈ ਲੀਨ ਸਭ ਲੀਲਾ ਪ੍ਰਭ ਅਪਾਰ ॥ ੨ ॥ ਵਿਛੈ ਵਾਸ਼ਨਾ ਝੂਠ ਹੈ ਰਾਹ ਭਲਾ ਬੀਚ ਨੀਤ ॥ ਬਿਨਾ ਭਜਨ ਸੰਗੀ ਨਹੀਂ ਸਰਬ ਸੁਖਾ ਕਾ ਮੀਤ ॥ ੩ ॥ ਪੰਚਮੇ ਪਤੀ ਪਰਮਾਤਮਾ ਸਰਬ ਸ੍ਰਿਸ਼ਟੀ ਜਾਨ ॥ ਗੁਰ ਕੀ ਸਰਨੀ ਧਿਆਵਤੇ ਹੋਵੈ ਰਵਿਦਾਸ ਗਿਆਨ ॥ ੪ ॥ ੬ ॥ ਟੇਕ ॥**

ਪੰਜਵੀਂ ਤਿੱਥ ਰਾਹੀਂ ਪ੍ਰਭੂ ਪ੍ਰੀਤਮ ਨੂੰ ਹਰ ਪਾਸੇ ਜਾਨਣਾ ਚਾਹੀਦਾ ਹੈ। ਬ੍ਰਾਹਮਣ ਆਦਿ ਕੋਈ ਵੀ ਉਸਦਾ ਸਿਮਰਕੇ ਅੰਤ ਨਹੀਂ ਪਾ ਸਕੇ। ਸੰਸਾਰ ਦੀ ਰਚਨਾ ਪੰਜਾਂ ਤੱਤਾਂ ਤੋਂ ਹੋਈ ਹੈ। ਉਸ ਪ੍ਰਭੂ ਵਿਚ ਸਾਰੇ ਲੀਨ ਹੋ ਜਾਣਗੇ। ਇਹ ਕੌਤਕ ਪ੍ਰਭੂ ਦਾ ਬੇਅੰਤ ਹੈ। ਵਿਸ਼ੇ-ਵਾਸ਼ਨਾਵਾਂ ਝੂਠ ਹਨ। ਇਨ੍ਹਾਂ ਤੋਂ ਕਿਨਾਰਾ ਕਰਨਾ ਹੀ ਚੰਗਾ ਹੈ। ਪ੍ਰਭੂ ਭਜਨ ਤੋਂ ਬਿਨਾਂ ਹੋਰ ਕੋਈ ਸਾਥੀ ਨਹੀਂ ਹਨ। ਪ੍ਰਭੂ ਸਾਰੇ ਸੁੱਖ ਦੇਣ ਵਾਲਾ ਸੱਚਾ ਮਿੱਤਰ ਹੈ। ਪੰਜਵੀਂ ਤਿੱਥ ਵਿਚ ਪਤੀ ਪ੍ਰਭੂ ਨੂੰ ਸਾਰੀ ਸ੍ਰਿਸ਼ਟੀ ਵਿਚ ਵਿਰਾਜਮਾਨ ਜਾਨਣਾ ਚਾਹੀਦਾ ਹੈ। ਜਗਤਗੁਰੂ ਰਵਿਦਾਸ ਜੀ ਮਹਾਰਾਜ ਉਚਾਰਣ ਕਰਦੇ ਹਨ ਕਿ ਜੀਵ ਨੂੰ ਗੁਰੂ ਦੀ ਸ਼ਰਨ ਵਿਚ ਜਾ ਕੇ ਪ੍ਰਭੂ ਨੂੰ ਧਿਆ ਕੇ ਗਿਆਨ ਪ੍ਰਾਪਤ ਹੁੰਦਾ ਹੈ।

**ਸ਼ਿਸ਼ਟਮੀ ਥਿਤ ਵਿਖੀਆਨੀਏ ਸ਼ਟ ਰਸ ਭੋਜਨ ਆਦਿ ॥ ਜਿਸਨੇ ਸਭ ਪੈਦਾ ਕੀਏ ਕਰ ਤੂੰ ਉਸਕੀ ਯਾਦ ॥ ੧ ॥ ਜੋ ਦੇਖਤ ਸਭ ਬਿਨਸਤਾ ਬਾਪਰ ਸ਼ਾਹੀ ਆਦਿ ॥ ਸਿਮਰਨ ਕਰ ਤੂੰ ਪ੍ਰਭੂ ਕਾ ਜੋ ਹੈ ਆਦਿ ਜੁਗਾਦਿ ॥ ੨ ॥ ਉਲਟੇ ਨਿਜਮਾਂ ਕੀਤਿਆ ਆਵਤ ਤੁਝਕੋ ਹਾਰ ॥ ਸੁਭ ਕਰਮ ਕੇ ਕਰਨ ਸੇ ਪਾਵੈ ਸਤਿ ਦਰਬਾਰ ॥ ੩ ॥ ਸ਼ਿਸ਼ਟਮੀ ਸ਼ੁਦ ਕਰਮ ਕਰਾਵੈ ਜੋਵੈ ॥ ਗੁਰੂ ਮਿਲ ਜੀਵਨ ਮੁਕਤ ਹੈ ਸਖਾ ਰਵਿਦਾਸੀ ਹੋਵੈ ॥ ੮ ॥ ੧ ॥ ਟੇਕ ॥**

ਛੇਵੀਂ ਤਿੱਥ ਰਾਹੀਂ ਜਗਤਗੁਰੂ ਰਵਿਦਾਸ ਜੀ ਮਹਾਰਾਜ ਵਿਖਿਆਨ ਕਰਦੇ ਹਨ ਕਿ ਛੇ ਪ੍ਰਕਾਰ ਦੇ ਰਸ ਅਤੇ ਭੋਜਨ ਪ੍ਰਭੂ ਨੇ ਪੈਦਾ ਕੀਤੇ ਹਨ, ਹੇ ਜੀਵ ਤੂੰ ਉਸਨੂੰ ਯਾਦ ਕਰ। ਸੋ ਤੂੰ ਇਹ ਸਭ ਦੇਖ ਰਿਹਾ ਹੈ ਕਿ ਵੱਡੇ-ਵੱਡੇ ਰਾਜੇ ਨਾਸ਼ ਹੋਣ ਵਾਲੇ ਹਨ। ਆਦਿ ਜੁਗਾਦਿ ਯੁੱਗਾਂ ਤੋਂ ਪ੍ਰਭੂ ਹੈ। ਹੇ ਜੀਵ ! ਤੂੰ ਉਸ ਦਾ ਸਿਮਰਨ ਕਰ। ਪ੍ਰਭੂ ਨੂੰ ਭੁਲ ਕੇ ਹੋਰ ਬੁਰੇ ਕਰਮਾਂ ਵਿਚ ਲੱਗਕੇ ਹੇ ਜੀਵ ਤੈਨੂੰ ਹਾਰ ਮਿਲੇਗੀ। ਚੰਗੇ ਕਰਮਾਂ ਨਾਲ ਹੇ ਜੀਵ ਤੈਨੂੰ ਸੱਚੇ ਦਰਬਾਰ ਦੀ ਪ੍ਰਾਪਤੀ ਹੋਵੇਗੀ। ਛੇਵੀਂ ਤਿੱਥ ਤਾਂ ਹੀ ਸ੍ਰੇਸ਼ਟ ਹੈ ਜੇ ਜੀਵ ਚੰਗੇ ਕਰਮ ਕਰੇ, ਜਗਤਗੁਰੂ ਰਵਿਦਾਸ ਮਹਾਰਾਜ ਜੀ ਉਚਾਰਨ ਕਰਦੇ ਹਨ ਕਿ ਸੱਚਾ ਸਹਾਇਕ ਗੁਰੂ ਹੈ ਜਿਸ ਨਾਲ ਮਿਲ ਕੇ ਜੀਵ ਨੂੰ ਜੀਵਨ ਵਿਚ ਮੁਕਤੀ ਪ੍ਰਾਪਤ ਹੋ ਜਾਂਦੀ ਹੈ।

**ਸਤਮੀ ਸਾਰੇ ਰਮ ਰਹਾ ਆਪ ਹਰੀ ਸਿਰਜਨਹਾਰ॥ ਤੂੰ ਨਾ ਭੂਲੈ ਪਰਾਣੀਆਂ ਸਿਮਰਨ ਬਾਰਮਬਾਰ॥ ੧॥ ਹਰਿ ਪੂਰਨ ਪਰਮਾਤਮਾ ਨਿਰਧਨ ਅਧਾਰ॥ ਸਰਬ ਵਿਆਪੀ ਪ੍ਰਭੂ ਹੈ ਤੂੰ ਨਾ ਕਭੀ ਬਿਸਾਰ॥ ੨॥ ਦੁਖੀਆਂ ਕੇ ਦੁਖ ਦੂਰ ਕਰ ਕਸ਼ਟ ਨਿਵਾਰੋ ਆਪ॥ ਸਦਾ ਸਹਾਈ ਪ੍ਰਭੂ ਹੈ ਕਰੈ ਜੋ ਉਸਕਾ ਜਾਪ॥ ੩॥ ਨਿੰਦ ਕਾ ਹੰਕਾਰੀ ਪਾਠ ਕਾ ਭਗਤ ਹੈ ਤਾਸ॥ ਹਰਿ ਭਜਨ ਸੰਗ ਮੁਕਤੀ ਪਾਵੈ ਜਨ ਰਵਿਦਾਸ॥ ੪॥ ੮॥ ਟੇਕ॥**

ਸੱਤਵੀਂ ਤਿੱਥ ਵਿਚ ਸਾਰੇ ਰਮੇਂ ਹੋਏ ਹਰਿ ਸਿਰਜਨਹਾਰ ਨੂੰ ਯਾਦ ਕਰੋ। ਹੇ ਪ੍ਰਾਣੀਓ ! ਤੁਸੀਂ ਉਸ ਪ੍ਰਭੂ ਨੂੰ ਨਾ ਭੁੱਲੋ, ਉਸਦਾ ਵਾਰ-ਵਾਰ ਸਿਮਰਨ ਕਰੋ। ਹਰਿ ਪੂਰਨ ਪਰਮਾਤਮਾ ਗਰੀਬਾਂ ਦਾ ਆਧਾਰ ਹੈ। ਸਰਵ-ਵਿਆਪਕ ਪ੍ਰਭੂ ਨੂੰ ਕਦੇ ਵੀ ਨਾ ਭੁਲਾ। ਪ੍ਰਭੂ ਆਪ ਦੁਖੀਆਂ ਦੇ ਦੁੱਖ ਅਤੇ ਕਸ਼ਟ ਨਿਵਾਰਦਾ ਹੈ। ਜੋ ਜੀਵ ਉਸ ਪ੍ਰਭੂ ਦਾ ਜਾਪ ਕਰਦਾ ਹੈ ਪ੍ਰਭੂ ਉਸ ਦਾ ਸਹਾਇਕ ਹੈ। ਪ੍ਰਭੂ ਭਗਤ ਹਮੇਸ਼ਾਂ ਨਿੰਦਾ ਅਤੇ ਹੰਕਾਰ

ਤਿਆਗਣ ਦਾ ਪਾਠ ਪੜ੍ਹਾਉਂਦੇ ਹਨ। ਜਗਤਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਹਰਿ ਦੇ ਦਾਸ ਹਰਿ ਦਾ ਭਜਨ ਕਰਨ ਨਾਲ ਮੁਕਤੀ ਪ੍ਰਾਪਤ ਕਰਦੇ ਹਨ।

**ਅਠਮੀ ਆਠੋ ਆਮ ਜੋ ਸਿਮਰਨ ਕਰ ਹਰਿਨਾਮ ॥ ਸੁਧ ਤੇਰਾ ਪ੍ਰਲੋਕ ਜੋ ਹੋਵੈ ਅੰਤ ਕਲਿਆਣ ॥੧॥ ਹੋਵੈ ਗਿਆਨ ਕੀ ਰੋਸ਼ਨੀ ਗੁਰੂ ਗਿਆਨ ਕਾ ਮੂਲ ॥ ਗੁਰੂ ਸੇਵਾ ਬਹਿ ਸੰਤ ਕੀ ਕਰਮ ਕਮਾਇ ਅਸਲੂ ॥ ਭੂਲਨ ਅੰਦਰ ਸਭ ਕੋ ਅਭੁੱਲ ਪ੍ਰਭੂ ਹੈ ਆਪ ॥ ਭੁੱਲਾ ਰਹੇ ਜੋ ਪਾਪ ਸੇ ਮਿਟਤ ਸਕਲ ਸੰਤਾਪ ॥ ੩ ॥ ਅਠਮੀ ਅਟਕ ਨਾ ਹੋਵਸੀ ਜਿਸ ਕਾ ਰਿਦਾ ਸੁਫਾਇ ॥ ਰਵਿਦਾਸ ਅਟਕ ਹੈ ਉਸਕੋ ਪਾਪ ਪੋਟਰੀ ਉਠਾਇ ॥ ੪ ॥ ੮ ॥ ਟੇਕ ॥**

ਅੱਠਵੀਂ ਤਿੱਥ ਰਾਹੀਂ ਜਗਤਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਹੇ ਜੀਵ ! ਤੂੰ ਹਰਿ ਦਾ ਸਿਮਰਨ ਕਰ ਜਿਸ ਨਾਲ ਤੇਰਾ ਪ੍ਰਲੋਕ ਸੁਖੀ ਹੋਵੇਗਾ ਅਤੇ ਮੁਕਤੀ ਪ੍ਰਾਪਤ ਹੋਵੇਗੀ। ਜਦੋਂ ਜੀਵ ਦੇ ਅੰਦਰ ਗੁਰੂ ਗਿਆਨ ਦਾ ਪ੍ਰਕਾਸ਼ ਹੁੰਦਾ ਹੈ ਤਾਂ ਜੀਵ ਆਪਣੇ ਮੂਲ ਪ੍ਰਭੂ ਨਾਲ ਜੁੜ ਜਾਂਦਾ ਹੈ। ਗੁਰੂ ਦੀ ਸੇਵਾ ਵਿਚ ਬੈਠ ਕੇ ਜੀਵ ਅਸਲ ਪ੍ਰਭੂ ਦਾ ਨਾਮ ਜਪਣ ਦਾ ਕਰਮ ਬਣਾਉਂਦਾ ਹੈ। ਇਕ ਪ੍ਰਭੂ ਹੀ ਅਭੁੱਲ ਹੈ ਬਾਕੀ ਸਭ ਜੀਵ ਭੁੱਲਾਂ ਕਰਦੇ ਹਨ। ਜੋ ਜੀਵ ਪਾਪਾਂ ਨੂੰ ਭੁਲਾ ਦਿੰਦਾ ਹੈ ਉਸਦੇ ਸਾਰੇ ਸੰਤਾਪ ਸਮਾਪਤ ਹੋ ਜਾਂਦੇ ਹਨ। ਜਗਤਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਕਿ ਉਸ ਜੀਵ ਨੂੰ ਪ੍ਰਭੂ ਦੇ ਮਿਲਣ ਵਿਚ ਕੋਈ ਰੁਕਾਵਟ ਨਹੀਂ ਪੈਂਦੀ ਜਿਸ ਦਾ ਮਨ ਨਿਰਮਲ ਹੈ ਪਰ ਉਸ ਜੀਵ ਨੂੰ ਰੁਕਾਵਟ ਹੈ ਜਿਸ ਨੇ ਸਿਰ 'ਤੇ ਪਾਪਾਂ ਦੀ ਪੰਡ ਉਠਾਈ ਹੈ।

**ਨੌਮੀ ਨੌਧ ਭਗਤ ਜੋ ਹੈ ਭਗਤਾ ਮਨਜ਼ੂਰ ॥ ਪੁਰਸ਼ ਭਲਾ ਜੋ ਕਰੇਗੇ ਸਭਨਾ ਪੂਰਨ ਪੂਰ ॥ ੧ ॥ ਪਦ ਸੇਵਨ ਕੀਰਤਨ ਜਸ ਚੋਥੈ ਅਰਪਣ ਜਾਨ ॥**

**ਦਾਸ ਸਖਾ ਨੇ ਅਰਪਨਾ ਆਠੋ ਬੰਦਨਾ ਮਾਨ ॥ ੨ ॥ ਨੌਮੀ ਡੰਡਾਉਤ ਕਹੀ ਜੋ ਕਹੇ ਕਰਾਏ ਜਾਇ॥ ਰਵਿਦਾਸ ਭਜਨ ਅਮੋਲ ਹੈ ਬਿਰਲਾ ਪਾਏ ਕੋਇ ॥ ੩ ॥ ੧੦ ॥ ਟੇਕ ॥**

ਨੌਵੀਂ ਤਿੱਥ 'ਚ ਜਗਤਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਨੌਂ ਪ੍ਰਕਾਰ ਦੀ ਭਗਤੀ ਪ੍ਰਭੂ ਦੇ ਭਗਤਾਂ ਨੂੰ ਮਨਜ਼ੂਰ ਹੈ। ਭਲਾ ਪੁਰਸ਼ ਉਹੀ ਹੈ ਜੋ ਪ੍ਰਭੂ ਨੂੰ ਸਭ ਪਾਸੇ ਪੂਰਨ ਜਾਣਦਾ ਹੈ। ਚਰਨ ਸੇਵਾ ਭਗਤੀ, ਕੀਰਤਨ ਭਗਤੀ, ਜਸ ਕਰਨਾ ਭਗਤੀ, ਚੌਥੀ ਅਰਪਣ ਭਗਤੀ ਨੂੰ ਜਾਣ। ਦਾਸ ਭਗਤੀ, ਸਖਾ ਭਗਤੀ, ਅਰਪਨ ਭਗਤੀ, ਅਠਵੀਂ ਬੰਧਨਾ ਭਗਤੀ, ਨੌਵੀਂ ਭਗਤੀ ਡੰਡਾਉਤ ਕਹੀ ਹੈ ਜੋ ਜੀਵ ਨੂੰ ਕਰਨੀ ਚਾਹੀਦੀ ਹੈ। ਜਗਤਗੁਰੂ ਰਵਿਦਾਸ ਜੀ ਮਹਾਰਾਜ ਕਹਿੰਦੇ ਹਨ ਕਿ ਪ੍ਰਭੂ ਦਾ ਭਜਨ ਅਮੋਲਕ ਹੈ ਜੋ ਕਿਸੇ ਵਿਰਲੇ ਜੀਵ ਨੂੰ ਪ੍ਰਾਪਤ ਹੁੰਦਾ ਹੈ।

**ਦਸਮੀ ਦਰਦ ਨਿਵਾਰ ਲੈ ਸਚੇ ਸਤਿਗੁਰ ਸੰਗ॥ ਸਮਾਂ ਵਿਅਰਥ ਜਾਇਗਾ ਹੰਕਾਰੀ ਦੁਸ਼ਟ ਭੁਜੰਗ ॥ ੧ ॥ ਮੈਂ ਮੇਰੀ ਨੂੰ ਮਾਰ ਲੈ ਮਨ ਮਹਿ ਸ਼ਾਂਤ ਹੋਵੈ ॥ ਕ੍ਰੋਧ ਬੁਰਾ ਹੈ ਕਾਲ ਸੇ ਇਸਕੋ ਲੇਉ ਸਮਾਵੈ ॥ ੨ ॥ ਸ਼੍ਰਿਸ਼ਟ ਮੁਨੀ ਸਭ ਸਮਝਤੇ ਕਰਦੇ ਨਾਮ ਅਧਾਰ ॥ ਸਰਬ ਠੋਰ ਮੇਂ ਬਸ ਰਹਾ ਸੱਚਾ ਸਿਰਜਣਹਾਰ ॥ ੩ ॥ ਦਸਮੀ ਦਿਸ਼ੋ ਦਿਸ਼ ਬਸ ਰਹਾ ਸਾਰੇ ਹੈ ਕਰਤਾਰ ॥ ਹਰਿ ਹਰਿ ਤੁਲ ਨਾ ਪ੍ਰਾਨੀਆਂ ਕਹਿ ਰਵਿਦਾਸ ਬਿਚਾਰ ॥ ੪ ॥ ੧੧ ॥ ਟੇਕ ॥**

ਦੱਸਵੀਂ ਤਿੱਥ ਰਾਹੀਂ ਗੁਰੂ ਜੀ ਫ਼ਰਮਾਉਂਦੇ ਹਨ ਕਿ ਜੀਵ ਤੂੰ ਸੱਚੇ ਸਤਿਗੁਰੂ ਦੀ ਸੰਗਤ ਵਿਚ ਜਾ ਕੇ ਦੁੱਖਾਂ ਨੂੰ ਸਮਾਪਤ ਕਰ ਲੈ। ਉਨ੍ਹਾਂ ਜੀਵਾਂ ਦਾ ਸਮਾਂ ਵਿਅਰਥ ਜਾਵੇਗਾ ਜੋ ਹੰਕਾਰੀ ਦੁਸ਼ਟ ਅਤੇ ਜ਼ੁਲਮ ਕਰਦੇ ਹਨ। ਮੈਂ ਮੇਰੀ ਭਾਵ ਹੰਕਾਰ ਨੂੰ ਮਾਰ ਕੇ ਮਨ ਨੂੰ ਸ਼ਾਂਤੀ ਮਿਲਦੀ ਹੈ। ਕ੍ਰੋਧ ਕਾਲ ਨਾਲੋਂ ਵੀ ਬੁਰਾ ਹੈ। ਤੂੰ ਇਸ ਨੂੰ ਸਮਾਪਤ ਕਰ।

ਉੱਤਮ ਮੁਨੀ ਨਾਮ ਨੂੰ ਅਧਾਰ ਮੰਨਦੇ ਹਨ। ਜੋ ਸੱਚਾ ਸਿਰਜਨਹਾਰ ਪ੍ਰਭੂ ਸਭ ਜਗ੍ਹਾ ਵਿਆਪਕ ਹੈ। ਜਗਤਗੁਰੂ ਰਵਿਦਾਸ ਜੀ ਮਹਾਰਾਜ ਦੱਸਵੀਂ ਤਿੱਥ ਰਾਹੀਂ ਵਿਚਾਰਕੇ ਫ਼ਰਮਾਉਂਦੇ ਹਨ ਕਿ ਦਸੇ ਦਿਸ਼ਾਵਾਂ ਭਾਵ ਹਰ ਪਾਸੇ ਕਰਤਾਰ ਪ੍ਰਭੂ ਵੱਸ ਰਿਹਾ ਹੈ। ਉਸ ਹਰਿ ਦਾ ਸਿਮਰਨ ਕਰਨਾ ਚਾਹੀਦਾ ਹੈ, ਜਿਸ ਹਰਿ ਦੇ ਨਾਮ ਦੇ ਤੁੱਲ ਹੋਰ ਕੋਈ ਵਸਤੂ ਨਹੀਂ ਹੈ।

**ਏਕਾਦਸੀ ਏਕ ਦਾ ਦਾਸ ਰਹੁ ਫੁਰਨੇ ਤਜੋ ਅਨੇਕ॥ ਭਗਤ ਹੋਤ ਤਰ ਜਾਵਗੇ ਸਦਾ ਮਾਨੀਏ ਟੇਕ॥ ੧॥ ਅੰਬਾ ਗੁਵਾਹੀ ਨਿੰਦਾ ਬਾਸ ਇਹ ਜਾਨ॥ ਇਹ ਸਭ ਜੋਹਰ ਸੁਮਨ ਹੈ ਛਾਡੋ ਇਨਕਾ ਧਿਆਨ॥ ੨॥ ਜੂਆ ਮਾਸ ਮਧਰ ਬੇਸ਼ਿਆ ਹਿੰਸਾ ਚੋਰੀ ਕਾਰ॥ ਜਿਹ ਖੋਟੇ ਕਰਮ ਹੈ ਡੋਬਨ ਨਰਕ ਮਝਾਰ॥ ੩॥ ਮਨੁੱਖ ਜੂਨ ਸੁਲੱਖਣੀ ਗਤ ਕਰਮਾਂ ਅਨੁਸਾਰ॥ ਬਿਨਾ ਭਜਨ ਬਿਰਥਾ ਜਨਮ ਜਾਇ ਕਹਿ ਰਵਿਦਾਸ ਬਿਚਾਰ॥ ੪॥ ੧੨॥ ਟੇਕ॥**

ਗਿਆਵਰਵ੍ਹੀਂ ਤਿੱਥ ਰਾਹੀਂ ਸਤਿਗੁਰੂ ਜੀ ਫ਼ਰਮਾਉਂਦੇ ਹਨ ਕਿ ਇਕ ਪ੍ਰਭੂ ਦਾ ਦਾਸ ਬਣਕੇ ਹੋਰ ਫੁਰਨੇ ਤਿਆਗਣੇ ਚਾਹੀਦੇ ਹਨ। ਉਸ ਪ੍ਰਭੂ ਦੀ ਭਗਤੀ ਕਰਨ ਨਾਲ ਜੀਵ ਤਰ ਜਾਂਦਾ ਹੈ। ਇਸ ਲਈ ਹਮੇਸ਼ਾਂ ਉਸ 'ਤੇ ਵਿਸ਼ਵਾਸ਼ ਰੱਖਣਾ ਚਾਹੀਦਾ ਹੈ। ਝੂਠੀ ਗਵਾਹੀ, ਨਿੰਦਿਆ, ਵਾਸ਼ਨਾਵਾਂ ਇਹ ਝੂਠੀਆਂ ਹਨ, ਜ਼ਹਿਰ ਸਮਾਨ ਸਮਝ ਕੇ ਇਨ੍ਹਾਂ ਦਾ ਧਿਆਨ ਛੱਡਣਾ ਚਾਹੀਦਾ ਹੈ। ਜੂਆ ਖੇਡਣਾ, ਮਾਸ ਖਾਣਾ, ਸ਼ਰਾਬ ਪੀਣਾ, ਵੇਸਵਾ ਸੰਗ, ਹਿੰਸਾ ਅਤੇ ਚੋਰੀ ਇਹ ਸਭ ਖੋਟੇ ਕਰਮ ਜੀਵ ਨੂੰ ਡੋਬਣ ਵਾਲੇ ਹਨ। ਜਗਤਗੁਰੂ ਰਵਿਦਾਸ ਜੀ ਵਿਚਾਰ ਕੇ ਫ਼ਰਮਾਉਂਦੇ ਹਨ ਕਿ ਮਨੁੱਖ ਜੂਨ ਸਭ ਤੋਂ ਸ੍ਰੇਸ਼ਟ ਹੈ, ਜੋ ਚੰਗੇ ਕਰਮਾਂ ਅਨੁਸਾਰ ਪ੍ਰਾਪਤ ਹੁੰਦੀ ਹੈ ਪਰ ਪ੍ਰਭੂ ਦੇ ਨਾਮ ਤੋਂ ਬਿਨਾਂ ਅਮੋਲਕ ਜਨਮ ਬਿਰਥਾ ਜਾ ਰਿਹਾ ਹੈ।

**ਦੁਰਾਦਸੀ ਦੇ ਦਰਬਾਰ ਡਿਠਾ ਅਜਬ ਅੰਧ ॥ ਬੜੇ ਕ੍ਰੋਧ ਸੇ ਪਾਪ ਹੈ ਬਾਸ ਖਿਮਾ ਮੁਕੰਦ ॥ ੧ ॥ ਸਤਿਸੰਗਤਿ ਮਹਿ ਧਰਮ ਹੈ ਬੜੇ ਨਾਮ ਕਾ ਰੰਗ ॥ ਬੈਕੁੰਠ ਭੀ ਉਸੇ ਆਖਦੇ ਜਹਾ ਹੋਤੇ ਸੰਤ ਸੰਗ ॥ ੨ ॥ ਧਨ ਕੇ ਭਾਗੀ ਚਾਰ ਹੈ ਧਰਮ ਚੋਰ ਨਰਪ ਆਗ ॥ ਧਰਮ ਹੇਤ ਜੋ ਲਾਏਗਾ ਤਿਨ ਕਹੇ ਬਡਭਾਗ ॥ ੩ ॥ ਧਰਮ ਹੇਤ ਨਾ ਲਾਮਦੇ ਲੈਦੇ ਤੀਨੋ ਨਾਇ ॥ ਚੋਰ ਨਰਪ ਓਰ ਆਗ ਜੋ ਕਹਿ ਰਵਿਦਾਸ ਬਤਾਇ ॥ ੪ ॥ ੧੩ ॥ ਟੇਕ ॥**

ਬਾਰ੍ਹਵੀਂ ਤਿੱਥੀ ਰਾਹੀਂ ਜਗਤਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਪ੍ਰਭੂ ਦਾ ਸਿਮਰਨ ਕਰਕੇ ਜੀਵ ਨੇ ਪ੍ਰਭੂ ਦੇ ਸੱਚੇ ਦਰਬਾਰ ਵਿਚ ਜਾ ਕੇ ਅਜਬ ਆਨੰਦ ਦੇਖਿਆ। ਕ੍ਰੋਧ ਕਰਨ ਨਾਲ ਪਾਪ ਵਧਦੇ ਹਨ ਅਤੇ ਖਿਮਾ ਕਰਨ ਨਾਲ ਮੁਕੰਦ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੈ। ਸਤਿਸੰਗਤ ਵਿਚ ਸੱਚਾ ਧਰਮ ਹੈ, ਜਿੱਥੇ ਨਾਮ ਦਾ ਪੱਕਾ ਰੰਗ ਚੜ੍ਹਦਾ ਹੈ। ਜਿਸ ਜਗ੍ਹਾ ਸੰਤਾਂ ਦਾ ਸੰਗ ਪ੍ਰਾਪਤ ਹੋਵੇ ਉਸ ਨੂੰ ਬੈਕੁੰਠ ਕਿਹਾ ਜਾਂਦਾ ਹੈ। ਧਨ ਦੇ ਚਾਰ ਹਿੱਸੇਦਾਰ ਹਨ, ਧਰਮ, ਚੋਰ, ਰਾਜਾ ਤੇ ਅੱਗ। ਜੋ ਜੀਵ ਧਨ, ਧਰਮ ਦੇ ਲੇਖੇ ਲਾਵੇਗਾ ਉਸ ਦੇ ਵੱਡੇ ਭਾਗ ਹਨ। ਜਗਤਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਜੋ ਜੀਵ ਧਨ ਨੂੰ ਧਰਮ ਲਈ ਨਹੀਂ ਲਾਉਂਦੇ ਉਹ ਧਨ ਚੋਰ, ਰਾਜਾ ਅਤੇ ਅੱਗ ਦੇ ਹਿੱਸੇ ਆਉਂਦਾ ਹੈ।

**ਤਰੈਦਸੀ ਤਾਰਨ ਹਾਰ ਹੈ ਸਦਾ ਸਦਾ ਤੂੰ ਧਿਆਇ ॥ ਲੱਖ ਚੁਰਾਸੀ ਜੂਨ ਸੇ ਉਤਮ ਦੀਆਂ ਬਨਾਇ ॥ ੧ ॥ ਬੰਦੇ ਬੁਰਜ ਬਨਾ ਦੀਆਂ ਐਸਾ ਅਜਬ ਬਨਾਇ ॥ ਐਸਾ ਬਨੇ ਨਾ ਓਰ ਸੇ ਮਨ ਤਨ ਸੀਸ ਲਗਾਇ ॥ ੨ ॥ ਉਸ ਕੋ ਨਾ ਤੂੰ ਭੂਲਣਾ ਪਿਆ ਪਟ ਕੇ ਭਾਇ ॥ ਤੂਝੈ ਅਹਾਰ ਪਹੁੰਚਾਵਤਾ ਉਦਰ ਮਾਤ ਕੇ ਜਾਇ ॥ ੩ ॥ ਤੇਰਸ ਤੇਰਾ ਕਲਪਨਾ ਝੂਠਾ ਦਿਖਤਾ ਭਾਸ ॥ ਝੂਠਾ ਸੱਚੇ ਪੇਟ ਕਾ ਸਚ ਕਹੇ ਰਵਿਦਾਸ ॥ ੪ ॥ ੧੪ ॥ ਟੇਕ ॥**

ਤੇਰ੍ਹਵੀਂ ਤਿੱਥੀ ਰਾਹੀਂ ਜਗਤਗੁਰੂ ਰਵਿਦਾਸ ਜੀ ਮਹਾਰਾਜ

ਜੀਵਾਂ ਨੂੰ ਸਦਾ-ਸਦਾ ਤਾਰਨਹਾਰ ਪ੍ਰਭੂ ਨੂੰ ਸਦਾ ਵਾਸਤੇ ਧਿਆਵਣ ਦਾ ਉਪਦੇਸ਼ ਦਿੰਦੇ ਹਨ। ਇਸ ਮਾਨਸ ਜੀਵ ਨੂੰ ਚੁਰਾਸੀ ਲੱਖ ਜੂਨਾਂ ਵਿੱਚ ਸਭ ਤੋਂ ਮਹਾਨ ਬਣਾਇਆ ਹੈ। ਪ੍ਰਭੂ ਨੇ ਐਸਾ ਬੰਦੇ ਦਾ ਅਜੀਬ ਸਰੀਰ ਰੂਪੀ ਬੁਰਜ ਬਣਾਇਆ ਹੈ, ਜਿਸ ਸਰੀਰ ਵਿਚ ਪ੍ਰਭੂ ਨੇ ਮਨ ਤੇ ਸਿਰ (ਦਿਮਾਗ) ਲਗਾਇਆ ਹੈ। ਐਸਾ ਸਰੀਰ ਪ੍ਰਭੂ ਤੋਂ ਬਿਨਾਂ ਹੋਰ ਕੋਈ ਨਹੀਂ ਬਣਾ ਸਕਦਾ। ਉਸ ਪ੍ਰਭੂ ਨੂੰ ਤੂੰ ਭੁਲਾ ਕੇ ਆਪਣਾ ਅਮੋਲਕ ਜੀਵਨ ਨਾ ਗੁਆ, ਉਹ ਪ੍ਰਭੂ ਤੈਨੂੰ ਮਾਤਾ ਦੇ ਪੇਟ ਵਿਚ ਵੀ ਅਹਾਰ ਪਹੁੰਚਾਉਂਦਾ ਹੈ। ਜਗਤਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਹੇ ਜੀਵ ਪ੍ਰਭੂ ਨੂੰ ਭੁਲਾ ਕੇ ਤੇਰੀਆਂ ਕਲਪਨਾਵਾਂ ਝੂਠੀਆਂ ਹਨ। ਇਸ ਲਈ ਹੇ ਜੀਵ ! ਝੂਠ ਦਾ ਤਿਆਗ ਕਰਕੇ ਸੱਚ ਦੇ ਮਾਰਗ ਤੇ ਚੱਲ ਕੇ ਜੀਵਨ ਸਫਲ ਕਰੋ।

**ਚਾਂਦ ਚੌਦਾ ਭਏ ਜਬ ਦਿਖਤਾ ਸਰਬ ਅਕਾਰ ॥ ਸਰਬ ਬਿਆਪੀ ਪ੍ਰਭੁ ਹੈ ਸੂਰਜ ਚੰਦ ਅਤੇ ਤਾਰ ॥ ੧ ॥ ਹਰਿ ਸੇ ਪ੍ਰੀਤ ਕਰੋ ਮਨ ਮੇਰੇ ਜੈਸੇ ਚੰਦ ਚਕੋਰ ॥ ਬਾਲਕ ਪ੍ਰੀਤਿ ਖੀਰ ਸੇ ਬਾਦਲ ਘਟਾ ਸੇ ਮੋਰ ॥ ੨ ॥ ਛਿਛ ਬਿਨ ਸੂਨੀ ਰੈਨ ਜੋ ਹਿਰਦੈ ਗਿਆਨ ਬਿਨ ਮਾਨ ॥ ਗੁਰੂ ਗਿਆਨ ਅਮੁਲ ਹੈ ਉਤਮ ਭਗਤ ਹਰਿ ਜਾਨ ॥ ੩ ॥ ਚੌਦਾ ਚੌਦਾ ਰਤਨ ਸਮ ਇਛਾ ਪੂਰਨ ਹੋਵੈ ॥ ਰਵਿਦਾਸ ਸੰਸੈ ਸਭ ਮਿਟੈ ਪ੍ਰਭੁ ਪ੍ਰੇਮ ਬਸ ਹੋਵੈ ॥ ੪ ॥ ੧੪ ॥ ਟੇਕ ॥**

ਜਿਵੇਂ ਚੌਦ੍ਹਵੀਂ ਦੇ ਚੰਦ ਦਾ ਪੂਰਾ ਅਕਾਰ ਹਰ ਪਾਸੇ ਦਿਖਾਈ ਦਿੰਦਾ ਹੈ। ਇਸ ਤਰ੍ਹਾਂ ਸਰਬਵਿਆਪਕ ਪ੍ਰਭੂ ਸੂਰਜ, ਚੰਦ ਅਤੇ ਤਾਰੇ ਸਭ ਪਾਸੇ ਵਿਆਪਕ ਹੈ। ਹੇ ਜੀਵ, ਹਰਿ ਨਾਲ ਇਸ ਤਰ੍ਹਾਂ ਦੀ ਪ੍ਰੀਤੀ ਕਰ ਜੈਸੇ ਚਕੋਰ ਦੀ ਚੰਨ ਨਾਲ, ਬਾਲਕ ਦੀ ਖੀਰ ਨਾਲ, ਮੋਰ ਦੀ ਬੱਦਲ ਘਟਾ ਨਾਲ ਹੈ। ਜਿਵੇਂ ਚੰਦਰਮਾਂ ਤੋਂ ਬਿਨਾਂ ਰਾਤ ਅਧੂਰੀ ਹੈ, ਉਸੇ ਪ੍ਰਕਾਰ ਹਿਰਦਾ ਗਿਆਨ ਤੋਂ ਬਿਨਾਂ ਅਧੂਰਾ ਹੈ। ਗੁਰੂ ਦਾ ਗਿਆਨ ਅਮੋਲਕ ਹੈ, ਇਹ ਹਰਿ ਦਾ ਉੱਤਮ ਭਗਤ ਹੀ ਜਾਣਦਾ ਹੈ,

ਜਗਤਗੁਰੂ ਰਵਿਦਾਸ ਜੀ ਮਹਾਰਾਜ ਉਚਾਰਣ ਕਰਦੇ ਹਨ ਕਿ ਪ੍ਰਭੂ ਨਾਲ ਪ੍ਰੇਮ ਕਰਨ ਨਾਲ ਪ੍ਰਭੂ ਪ੍ਰਾਪਤ ਹੋ ਜਾਂਦਾ ਹੈ, ਸਾਰੇ ਸ਼ੰਕੇ ਮਿਟ ਜਾਂਦੇ ਹਨ ਤੇ ਜੀਵ ਦੀ ਚੌਂਦਾ ਰਤਨ ਸਮਾਨ ਇੱਛਾ ਪੂਰਨ ਹੋ ਜਾਂਦੀ ਹੈ।

**ਪੁੰਨਿਆ ਪੂਰਨ ਚੰਦਰਮਾ ਸਾਰੇ ਹਾ ਪਰਕਾਸ॥ ਲੋਚਨ ਗਿਆਨੀ ਤਰੈਗੇ ਹਿਰਦੈ ਨਾਮ ਪਰਕਾਸ਼॥ ੧॥ ਗੁਰੂ ਸੁਖ ਅੰਮ੍ਰਿਤ ਪੀਵਗੇ ਮਨਮੁੱਖ ਅੰਧ ਗਵਾਰ॥ ਪ੍ਰੇਮ ਲਾਈ ਲੜ ਫੜੈਗੇ ਮਿਲਤ ਪਦਾਰਥ ਚਾਰ॥ ੨॥ ਰਵਿਦਾਸ ਜਿਹ ਗ੍ਰੰਥ ਹੈ ਪੜੈ ਸੁਣੈ ਮਨ ਲਾਇ॥ ਸਭਹੀ ਪਦਾਰਥ ਮਿਲੇਗੇ ਇਸਸੇ ਸਭ ਬਰ ਪਾਇ॥ ੩॥ ਪੰਦਰਾਂ ਤਿਥੀ ਸੰਪੂਰਨ ਹੈ ਪੂਰਨ ਪਾਠ ਕਰਾਇ॥ ਸਰਬ ਇਛਿਆ ਸੰਪੂਰਨ ਹੈ ਸਭਨਾ ਰਵਿਦਾਸ ਸਹਾਇ॥ ੪॥ ੧੬॥ ਟੇਕ॥**

ਪੁੰਨਿਆ ਰਾਹੀਂ ਜਗਤਗੁਰੂ ਰਵਿਦਾਸ ਜੀ ਮਹਾਰਾਜ ਉਪਦੇਸ਼ ਕਰਦੇ ਹਨ ਕਿ ਜਿਵੇਂ ਪੁੰਨਿਆ ਵਾਲੀ ਰਾਤ ਪੂਰਨ ਚੰਦਰਮਾਂ ਦਾ ਪ੍ਰਕਾਸ਼ ਹੁੰਦਾ ਹੈ। ਇਸੇ ਤਰ੍ਹਾਂ ਅੱਖਾਂ ਵਿਚ ਗਿਆਨ ਦਾ ਸੁਰਮਾਂ ਪਾਉਣ ਨਾਲ ਜੀਵ ਦੇ ਹਿਰਦੇ ਵਿਚ ਪ੍ਰਭੂ ਦੇ ਨਾਮ ਦਾ ਪ੍ਰਕਾਸ਼ ਹੋ ਜਾਂਦਾ ਹੈ ਤੇ ਜੀਵ ਤਰ ਜਾਂਦਾ ਹੈ। ਗੁਰਮੁਖ ਗੁਰੂ ਕੋਲ ਜਾ ਕੇ ਪ੍ਰਭੂ ਦੇ ਨਾਮ ਦਾ ਅੰਮ੍ਰਿਤ ਪੀ ਕੇ ਸੁਖੀ ਹੁੰਦਾ ਹੈ। ਪਰ ਮਨਮੁਖ ਗੰਵਾਰ ਅਗਿਆਨਤਾ ਵਿਚ ਹੀ ਭਟਕਦਾ ਰਹਿੰਦਾ ਹੈ। ਜੋ ਜੀਵ ਪ੍ਰੇਮ ਨਾਲ ਗੁਰੂ ਦਾ ਲੜ ਫੜੇਗਾ। ਉਸ ਨੂੰ ਚਾਰ ਪਦਾਰਥ, ਕਾਮ, ਅਰਥ, ਧਰਮ, ਮੋਕਸ਼ ਪ੍ਰਾਪਤ ਹੁੰਦੇ ਹਨ। ਜਗਤਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਇਹ ਗ੍ਰੰਥ ਜੋ ਜੀਵ ਮਨ ਲਾ ਕੇ ਪੜ੍ਹੇਗਾ, ਸੁਣੇਗਾ ਉਸ ਨੂੰ ਸਾਰੇ ਵਰ ਪ੍ਰਾਪਤ ਹੋਣਗੇ, ਪੰਦਰਾਂ ਤਿੱਥੀਆਂ ਕਥਾ ਸੰਪੂਰਨ ਹੈ ਜੋ ਜੀਵ ਇਸ ਦਾ ਸੰਪਰੂਨ ਪਾਠ ਕਰਦਾ ਹੈ, ਉਸਦੀਆਂ ਸਾਰੀਆਂ ਇੱਛਾਵਾਂ ਪੂਰਨ ਹੁੰਦੀਆਂ ਹਨ।

* * *

# 'ਬਾਰਾਂ ਮਾਸ' ਉਪਦੇਸ਼

## "ਚੇਤ"

**ਚੜ੍ਹਿਆ ਚੇਤ ਸੁਲੱਖਣਾ, ਕਰ ਸੰਤਨ ਸੰਗ ਪ੍ਰੀਤ ॥**
**ਗੁਰ ਚਰਨਨ ਚਿਤੁ ਲਾਇ ਕਰ, ਰਾਮ ਨਾਮ ਜਪ ਨੀਤ ॥**

ਹੇ ਜੀਵ! ਚੇਤ ਦਾ ਮਹੀਨਾ ਭਾਵ ਮਨੁੱਖਾ ਜਨਮ ਉਸ ਸਮੇਂ ਭਾਗਾਂ ਵਾਲਾ ਹੁੰਦਾ ਹੈ, ਜਦੋਂ ਜੀਵ ਸੰਤਾਂ ਨਾਲ ਪ੍ਰੀਤ ਕਰਕੇ ਪ੍ਰਭੂ ਨੂੰ ਚੇਤੇ ਕਰਦਾ ਹੈ, ਇਸ ਲਈ ਹੇ ਜੀਵ, ਤੂੰ ਗੁਰੂ ਚਰਨਾਂ ਵਿਚ ਪ੍ਰੀਤ ਲਾ ਕੇ ਪ੍ਰਭੂ ਦਾ ਨਾਮ ਹਮੇਸ਼ਾਂ ਜਪ।

**ਗੁਰ ਗੋਬਿੰਦ ਜਹਿ ਗਾਈਏ, ਕਰ ਸਰਵਣ ਨਿੱਤ ਨੀਤ ॥**
**ਗੁਰ ਕੇ ਚਰਨਨ ਪ੍ਰੇਮ ਕਰ, ਹਿਰਦੇ ਧਰੋ ਗੁਰ ਮੀਤ ॥**

ਜਿਸ ਸਮੇਂ ਗੁਰੂ ਔਰ ਪ੍ਰਭੂ ਦੀ ਮਹਿਮਾ ਗਾਈ ਜਾਂਦੀ ਹੋਵੇ ਉਸ ਨੂੰ ਨਿੱਤਾਂ ਪ੍ਰਤੀ ਸਰਵਣ ਕਰਨਾ ਚਾਹੀਦਾ ਹੈ। ਹੇ ਮਿੱਤਰ ਗੁਰੂ ਦੇ ਚਰਨਾਂ ਨਾਲ ਪ੍ਰੀਤ ਕਰਕੇ ਹਿਰਦੇ ਵਿੱਚ ਧਾਰਨ ਕਰੋ।

**ਬਚਨ ਗੁਰ ਕੇ ਸੁਨਤ ਹੀ, ਮਿਟਤ ਭਰਮ ਸਭ ਭੀਤ ॥**
**ਮਨਮੁਖ ਸੰਗ ਨਾ ਕੀਜੀਏ, ਗੁਰਮੁਖ ਸੰਗਤ ਯਾਰ ॥**

ਗੁਰੂ ਜੀ ਦੇ ਬਚਨ ਸਰਵਣ ਕਰਨ ਨਾਲ ਜੀਵ ਦੇ ਅੰਦਰੋਂ ਸਾਰੇ ਭਰਮ ਦੂਰ ਹੋ ਜਾਂਦੇ ਹਨ। ਜੀਵ ਨੂੰ ਮਨਮੁਖਾਂ ਦੀ ਸੰਗਤ ਤਿਆਗ ਕੇ ਗੁਰਮੁਖ ਦੀ ਸੰਗਤ ਕਰਨੀ ਚਾਹੀਦੀ ਹੈ।

**ਮਨਮੁਖ ਸੰਗਤ ਬਿਘਨ ਹੈ, ਗੁਰਮੁਖ ਸੰਗਤ ਸਾਰ ॥**
**ਮਨਮੁਖ ਸੰਗਤ ਡੂਬਣੋ, ਗੁਰਮੁਖ ਸੰਗਤ ਪਾਰ ॥**

ਮਨਮੁਖ ਦੀ ਸੰਗਤ ਪ੍ਰਭੂ ਦੇ ਰਸਤੇ ਵਿਚ ਵਿਘਨ ਹੈ ਅਤੇ ਗੁਰਮੁਖ ਦੀ ਸੰਗਤ ਪ੍ਰਭੂ ਮਿਲਾਪ ਲਈ ਸਹਾਇਕ ਹੈ। ਮਨਮੁਖ ਦੀ ਸੰਗਤ ਜੀਵ ਨੂੰ ਡੋਬਦੀ ਹੈ ਅਤੇ ਗੁਰਮੁਖ ਦੀ ਸੰਗਤ ਭਵ-ਸਾਗਰ ਪਾਰ ਕਰਦੀ ਹੈ।

**ਗੁਰਮੁਖ ਰਿਦੈ ਪ੍ਰਗਾਸ ਹੈ, ਮਨਮੁਖ ਅੰਧ ਗੁਵਾਰ ॥**
**ਗੁਰ ਕੇ ਅੰਮ੍ਰਿਤ ਵਚਨ ਸੁਣ, ਸ਼ਰਧਾ ਹਿਰਦੇ ਧਾਰ ॥**

ਗੁਰਮੁਖ ਦੀ ਸੰਗਤ ਕਰਨ ਨਾਲ ਹਿਰਦੇ ਵਿਚ ਗਿਆਨ ਦਾ ਪ੍ਰਕਾਸ਼ ਹੁੰਦਾ ਹੈ ਅਤੇ ਮਨਮੁਖ ਦੀ ਸੰਗਤ ਕਰਨ ਨਾਲ ਜੀਵ ਅਗਿਆਨਤਾ ਰੂਪੀ ਹਨੇਰੇ ਵਿਚ ਫਸ ਜਾਂਦਾ ਹੈ। ਹੇ ਜੀਵ ਤੂੰ ਗੁਰੂ ਦੇ ਅੰਮ੍ਰਿਤ ਰੂਪੀ ਵਚਨ ਸਰਵਣ ਕਰਕੇ ਸ਼ਰਧਾ ਨਾਲ ਹਿਰਦੇ ਵਿਚ ਧਾਰਨ ਕਰ।

**ਰਵਿਦਾਸ ਭਗਤੀ ਇਹੀ ਹੈ, ਹਿਰਦੇ ਖ਼ੂਬ ਵਿਚਾਰ ॥**
**ਚੇਤ ਸੁਹਾਣਾ ਤਿਨ੍ਹਾਂ ਨੂੰ, ਜਿਨ੍ਹਾਂ ਸੋਹੰ ਨਾਮ ਪਿਆਰ ॥**

ਜਗਤਗੁਰੂ ਰਵਿਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਇਹੀ ਪ੍ਰਭੂ ਦੀ ਭਗਤੀ ਹੈ ਤੂੰ ਆਪਣੇ ਹਿਰਦੇ ਵਿਚ ਚੰਗੀ ਤਰ੍ਹਾਂ ਵਿਚਾਰ ਕਰ। ਚੇਤ ਦਾ ਮਹੀਨਾ ਭਾਵ ਅਮੋਲਕ ਜਨਮ ਉਨ੍ਹਾਂ ਨੂੰ ਸੁਹਾਵਣਾ ਹੈ ਜਿਨ੍ਹਾਂ ਦਾ ਗੁਰੂ ਜੀ ਦੇ ਸੋਹੰ ਸ਼ਬਦ ਨਾਲ ਪਿਆਰ ਹੈ।

* * *

## "ਵੈਸਾਖਿ"

**ਵੈਸਾਖਿ ਸੁਹਾਵਾ ਸਰਵ ਸੁੱਖ, ਗੁਰ ਕੇ ਵਚਨ ਵਿਚਾਰ ॥**
**ਅੰਤਰ ਧਿਆਨ ਲਗਾਇ ਕਰ, ਸਮਝੋ ਸਾਰ ਆਸਾਰ ॥**

ਵੈਸਾਖ ਦਾ ਮਹੀਨਾ ਭਾਵ ਅਮੋਲਕ ਜਨਮ ਉਹਨਾਂ ਜੀਵਾਂ ਵਾਸਤੇ ਸਰਬ ਸੁੱਖਾਂ ਵਾਲਾ ਹੈ ਜਿਨ੍ਹਾਂ ਦਾ ਗੁਰੂ ਜੀ ਦੇ ਵਚਨ ਨਾਲ ਪਿਆਰ ਹੈ। ਆਪਣੇ ਅੰਦਰ ਉਸ ਪ੍ਰਭੂ ਦਾ ਧਿਆਨ ਲਗਾ ਕੇ ਜਿਸ ਪ੍ਰਭੂ ਦਾ ਕੋਈ ਪਾਰਾਵਾਰ ਨਹੀਂ ਹੈ, ਉਸ ਦੀ ਸ਼ੋਭਾ ਨੂੰ ਸਮਝੋ।

**ਗੁਰਦੇਵ ਕੋ ਗ੍ਰਹਨ ਕਰ, ਤਜ ਸਭ ਝੂਠ ਬਿਕਾਰ ॥**
**ਹਿਰਦੇ ਹਰਿ, ਹਰਿ ਹਰੀ ਕੋ, ਸਿਮਰੋ ਵਾਰੰ ਵਾਰ ॥**

ਗੁਰਦੇਵ ਜੀ ਦੀ ਸਿੱਖਿਆ ਨੂੰ ਗ੍ਰਹਿਣ ਕਰਕੇ ਸਾਰੇ ਝੂਠੇ

ਵਿਕਾਰਾਂ ਨੂੰ ਤਿਆਗ ਦਿਓ, ਆਪਣੇ ਹਿਰਦੇ ਵਿਚ ਹਰਿ ਹਰਿ ਪ੍ਰਭੂ ਦੇ ਨਾਮ ਦਾ ਬਾਰ ਬਾਰ ਸਿਮਰਨ ਕਰ।

**ਦੁਸ਼ਟਾ ਸੰਗ ਤਿਆਗ ਕਰ, ਸੰਤਾਂ ਸੰਗ ਪਿਆਰ॥**
**ਦ੍ਰਿੜ ਕਰ ਰਾਮ ਧਿਆਏ ਤੂੰ, ਭਵ ਨਿਧਿ ਉੱਤਰੇ ਪਾਰ॥**

ਹੇ ਜੀਵ! ਤੂੰ ਦੁਸ਼ਟਾਂ ਦਾ ਸੰਗ ਤਿਆਗ ਕੇ ਸੰਤਾਂ ਨਾਲ ਪਿਆਰ ਕਰ। ਹੇ ਜੀਵ ਤੂੰ ਪੱਕਾ ਨਿਸ਼ਚਾ ਕਰਕੇ ਪ੍ਰਭੂ ਦਾ ਨਾਮ ਧਿਆ ਕੇ ਭਵ ਸਾਗਰ ਨੂੰ ਪਾਰ ਕਰ ਲੈ।

**ਹਰਿ, ਹਰਿ ਨਾਮ ਜਪੰਦਿਆਂ, ਕਦੀ ਨਾ ਆਵੇ ਹਾਰ॥**
**ਭਗਤ ਬਿਨ੍ਹਾਂ ਗੁਰਦੇਵ ਕੀ, ਹੋਵਤ ਨਹੀ ਕਲਿਆਨ॥**

ਹਰਿ ਹਰਿ ਨਾਮ ਜਪਣ ਨਾਲ ਹੇ ਜੀਵ ਤੇਰੀ ਕਦੇ ਵੀ ਹਾਰ ਨਹੀਂ ਹੋਵੇਗੀ। ਗੁਰੂ ਜੀ ਦੀ ਭਗਤੀ ਤੋਂ ਬਿਨਾਂ ਜੀਵ ਦਾ ਕਲਿਆਣ ਨਹੀਂ ਹੁੰਦਾ।

**ਗੁਰ ਬਿਨਾਂ ਜਨਮ ਵਿਅਰਥ ਇਹ, ਜਾਵਤ ਸਾਚੀ ਮਾਨ॥**
**ਗੁਰ ਹਰਿ ਭਗਤ ਕਹੰਦਿਆਂ, ਨਿਹਚਲ ਮਿਲ ਹੈ ਗਿਆਨ॥**

ਗੁਰੂ ਦੀ ਭਗਤੀ ਤੋਂ ਬਿਨਾਂ ਇਹ ਜੀਵਨ ਵਿਅਰਥ ਹੈ, ਇਸ ਗੱਲ ਨੂੰ ਤੂੰ ਸੱਚੀ ਮੰਨ। ਹਰਿ ਦੀ ਭਗਤੀ ਕਰਨ ਨਾਲ ਜੀਵ ਨੂੰ ਅਟੱਲ ਗਿਆਨ ਪ੍ਰਾਪਤ ਹੁੰਦਾ ਹੈ।

**ਕਹੇ ਰਵਿਦਾਸ ਲਗ ਚਰਨ ਗੁਰ, ਮਨ ਕਾ ਹਰ ਅਭਿਮਾਨ॥**
**ਵੈਸਾਖਿ ਸੁਹਾਵਾ ਤਿਨ੍ਹਾਂ ਹੈ, ਹਰਿ, ਹਰਿ ਜਪੇ ਸੁਜਾਨ॥**

ਜਗਤਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਗੁਰੂ ਦੇ ਚਰਨਾਂ ਨਾਲ ਜੁੜਨ ਨਾਲ ਮਨ ਵਿਚੋਂ ਹੰਕਾਰ ਸਮਾਪਤ ਹੋ ਜਾਂਦਾ ਹੈ, ਵੈਸਾਖ ਦਾ ਮਹੀਨਾ ਉਹਨਾਂ ਲਈ ਸੁਹਾਵਣਾ ਹੈ ਜੋ ਹਰਿ ਦਾ ਨਾਮ ਜਪ ਕੇ ਸੁਜਾਖੇ ਹੋ ਗਏ ਹਨ।

* * *

## "ਜੇਠ"

**ਜੇਠ ਤਪਤ ਬਹੁ ਘਾਮ ਕਰ, ਸ਼ਾਂਤ ਨਾ ਹੋਵਤ ਮੀਤ ॥**

**ਕਰੋਧ ਅਗਨਿ ਕਰ ਤਪਤ, ਮਨ ਲੋਭੀ ਲੋਭ ਪਰੀਤ ॥**

ਜੇਠ ਦਾ ਮਹੀਨਾ ਭਾਵ ਮਨੁੱਖਾ ਜਨਮ ਪ੍ਰਭੂ ਦੇ ਨਾਮ ਤੋਂ ਬਿਨਾਂ ਬਹੁਤ ਤਪਸ਼ ਵਾਲਾ ਹੈ, ਹੇ ਸੱਜਣ ਸ਼ਾਂਤੀ ਪ੍ਰਾਪਤ ਨਹੀਂ ਹੁੰਦੀ। ਕ੍ਰੋਧ ਦੀ ਅਗਨੀ ਵਿਚ ਜੀਵ ਤੱਪਦਾ ਹੈ, ਲੋਭੀ ਮਨ ਲੋਭ ਨਾਲ ਪ੍ਰੀਤ ਕਰਦਾ ਹੈ।

**ਸੋਹੰ ਨਾਮ ਮੁਖ ਜਪਤ, ਜਨ ਕੀਰਤ ਕਰੈਹ ਨੀਤ ॥**

**ਸੰਤਾਂ ਸੰਗ ਨਿਵਾਸ ਕਰ, ਸ਼ਾਂਤ ਭਯੋ ਤਿਨ ਚੀਤ ॥**

ਪ੍ਰਭੂ ਦੇ ਦਾਸ ਹਮੇਸ਼ਾਂ ਸੋਹੰ ਨਾਮ ਜਪਦੇ ਹਨ ਅਤੇ ਪ੍ਰਭੂ ਦੀ ਮਹਿਮਾ ਗਾਉਂਦੇ ਹਨ। ਸੰਤਾਂ ਦੀ ਸੰਗਤ ਵਿਚ ਰਹਿਣ ਨਾਲ ਜੀਵ ਦਾ ਮਨ ਸ਼ਾਂਤ ਰਹਿੰਦਾ ਹੈ।

**ਉਤਪਤ ਕਰੇ ਆਪ ਸਭਿ, ਕਰੇ ਪਾਲਣਾ ਨੀਤ ॥**

**ਪ੍ਰਭੂ ਬਿਨ ਦੂਜਾ ਨਾਂਹਿ ਕੋ, ਕਰ ਨਿਹਚੇ ਪਰਤੀਤ ॥**

ਪ੍ਰਭੂ ਆਪ ਹੀ ਸੰਸਾਰ ਦੀ ਉਤਪੱਤੀ ਕਰਦਾ ਹੈ ਅਤੇ ਨਿੱਤਾਂ ਪ੍ਰਤੀ ਉਸ ਦੀ ਪਾਲਣਾ ਵੀ ਕਰਦਾ ਹੈ, ਪ੍ਰਭੂ ਤੋਂ ਬਿਨਾਂ ਹੋਰ ਦੂਜਾ ਕੋਈ ਨਹੀਂ ਹੈ। ਇਸ ਗੱਲ 'ਤੇ ਤੂੰ ਨਿਸਚੇ ਕਰਕੇ ਉਸ ਪ੍ਰਭੂ ਦਾ ਜਸ ਕਰ।

**ਤਿਸ ਪ੍ਰਭੂ ਕੋ ਤੂ ਜਪ ਸਦਾ, ਹੋਕਰ ਮਨੋ ਨਾਚੀਤ ॥**

**ਪ੍ਰਭੂ ਸਿਮਰਨ ਗੁਰ ਦਯਾ ਤੇ, ਨਸ਼ਟ ਹੋਤ ਜਮ ਭੀਤ ॥**

ਹੇ ਜੀਵ! ਤੂੰ ਮਨੋ ਨਿਸ਼ਚਿੰਤ ਹੋ ਕੇ ਉਸ ਪ੍ਰਭੂ ਦਾ ਹਮੇਸ਼ਾਂ ਜਾਪ ਕਰ। ਪ੍ਰਭੂ ਦੇ ਸਿਮਰਨ ਅਤੇ ਗੁਰੂ ਦੀ ਦਇਆ ਤੇ ਜਮਾਂ ਦਾ ਭੈਅ ਨਸ਼ਟ ਹੋ ਜਾਂਦਾ ਹੈ।

**ਸਤਿਗੁਰ ਕੇ ਪ੍ਰਤਾਪ ਤੇ, ਗਾਵਹੁ ਪ੍ਰਭੂ ਗੁਣ ਵਾਦ ॥**

**ਸੋ ਕਿਰਪਾ ਨੇਤਰ ਰਸਨਾ ਨਾਮ ਕਾ, ਕਰਣ ਦੀਏ ਸੁਣਿ ਨਾਦ ॥**

ਸਤਿਗੁਰੂ ਜੀ ਦੀ ਕਿਰਪਾ ਨਾਲ ਜੀਵ ਪ੍ਰਭੂ ਦੇ ਗੁਣਾਂ ਨੂੰ ਗਾਉਂਦਾ ਹੈ। ਪ੍ਰਭੂ ਦੀ ਕਿਰਪਾ ਨਾਲ ਜੀਵ ਦੇ ਨੇਤਰ ਗੁਰੂ ਦੇ ਦਰਸ਼ਨ ਕਰਦੇ ਹਨ, ਜੀਭ੍ਹਾ ਨਾਮ ਜੱਪਦੀ ਹੈ ਤੇ ਕੰਨ ਅਨਹਦ ਨਾਦ ਸਰਵਣ ਕਰਦੇ ਹਨ।

**ਸੁੰਦਰ ਸਾਜਿਆ ਜਾਹਿ ਪ੍ਰਭ, ਰਾਖ ਸਦਾ ਤਿਸ ਯਾਦ॥**
**ਜੋ ਜਨ ਭਗਤ ਬਿਹੀਨ ਹੈ, ਜਨਮ ਜਾਏ ਤਿਸ ਬਾਦ॥**

ਪ੍ਰਭੂ ਨੇ ਇਹ ਸਰੀਰ ਬਹੁਤ ਸੋਹਣਾ ਸਾਜਿਆ ਹੈ, ਜੀਵ ਤੂੰ ਉਸ ਨੂੰ ਸਦਾ ਯਾਦ ਰੱਖ, ਜੋ ਜੀਵ ਪ੍ਰਭੂ ਦੀ ਭਗਤੀ ਤੋਂ ਬਿਨਾਂ ਹੈ ਉਹਨਾਂ ਦਾ ਜਨਮ ਵਿਅਰਥ ਜਾ ਰਿਹਾ ਹੈ।

**ਗੁਰ ਚਰਨੀ ਲਗ ਭਗਤ ਕਰ, ਮਿਟਹ ਪਾਪ ਅਗਾਦ॥**
**ਕੀਰਤਨ ਭਗਤੀ ਤੀਸਰੀ, ਰੱਖੋ ਇਨ ਕੋ ਯਾਦ॥**

ਗੁਰੂ ਜੀ ਦੇ ਚਰਨਾਂ ਨਾਲ ਲੱਗਣ ਤੇ ਭਗਤੀ ਕਰਨ ਨਾਲ ਜੀਵ ਦੇ ਸਾਰੇ ਪਾਪ ਮਿਟ ਜਾਂਦੇ ਹਨ। ਹੇ ਜੀਵ ਜੋ ਤੀਸਰੀ ਕੀਰਤਨ ਭਗਤੀ ਹੈ ਇਸ ਨੂੰ ਹਮੇਸ਼ਾਂ ਯਾਦ ਰੱਖੋ।

**ਜਨ ਰਵਿਦਾਸ ਗੁਰੂ ਸਿਮਰਿਆ, ਜੋ ਜਨ ਸਦਾ ਆਨਾਦ॥**
**ਜੇਠ ਤਾਪੰਦਾ ਨਾ ਲੱਗੇ, ਜਿਨ ਚਾਖਿਆ ਨਾਮ ਸੁਆਦ॥**

ਜਗਤਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਜਿਨ੍ਹਾਂ ਜੀਵਾਂ ਨੇ ਗੁਰੂ ਦੇ ਸ਼ਬਦ ਨੂੰ ਸਿਮਰਿਆ ਹੈ ਉਹ ਸਦਾ ਅਨੰਦ ਵਿਚ ਰਹਿੰਦੇ ਹਨ। ਜੇਠ ਦਾ ਮਹੀਨਾ ਉਹਨਾਂ ਨੂੰ ਤਪਾਉਂਦਾ ਨਹੀਂ ਜਿਨ੍ਹਾਂ ਨੇ ਪ੍ਰਭੂ ਦੇ ਨਾਮ ਦਾ ਸੁਆਦ ਚੱਖਿਆ ਹੈ।

***

## "ਹਾੜ"

**ਹਾੜ ਅਵਧ ਹੈ ਘਾਮ ਕੀ, ਸ਼ਾਂਤ ਅਵਧ ਸੁੱਖ ਜਾਨ॥**
**ਲੋਭ ਅਵਧ ਹੈ ਪਾਪ ਕੀ, ਕਰ ਭਗਤ ਮਿਲੈ ਹਰਿ ਧਾਮ॥**

ਹਾੜ ਦਾ ਮਹੀਨਾ ਗਰਮੀ ਵਾਲਾ ਹੈ ਪਰ ਸੱਚਾ ਸੁੱਖ ਪ੍ਰਭੂ ਦੇ ਨਾਮ ਵਿਚ ਹੈ। ਲੋਭ ਕਰਨਾ ਪਾਪ ਹੈ, ਪ੍ਰਭੂ ਦੀ ਭਗਤੀ ਕਰਨ ਨਾਲ ਹਰਿ ਦਾ ਧਾਮ ਪ੍ਰਾਪਤ ਹੁੰਦਾ ਹੈ।

**ਗੁਰ ਕੇ ਚਰਨ ਸੁ ਕੰਵਲ ਕੀ, ਕਰਹਿ ਸੇਵ ਸੁਜਾਨ ॥**

**ਸਗਲ ਸ੍ਰਿਸ਼ਟ ਜੈਸੇ ਮਲਤ, ਚਰਨ ਕੰਵਲ ਭਗਵਾਨ ॥**

ਸ੍ਰੇਸ਼ਟ ਜੀਵ ਗੁਰੂ ਦੇ ਚਰਨ ਕਮਲਾਂ ਦੀ ਸੇਵਾ ਕਰਦੇ ਹਨ। ਸਾਰੀ ਸ੍ਰਿਸ਼ਟੀ ਦੇ ਜੀਵ ਪ੍ਰਭੂ ਦੇ ਚਰਨ ਕਮਲਾਂ ਲਈ ਲੋਚਦੇ ਹਨ।

**ਆਠ ਪਹਿਰ ਗੁਰ ਚਰਨ ਮਲ, ਦ੍ਰਿੜ ਕਰ ਨਿਹਚੇ ਧਿਆਨ ॥**

**ਅੰਤਸ਼ ਕਰਣ ਕਰ ਸ਼ੁਧ, ਤਬ ਹੋਤ ਪਾਪ ਕੀ ਹਾਨ ॥**

ਹਰ ਸਮੇਂ ਗੁਰੂ ਦੇ ਚਰਨ ਕਮਲ ਦਾ ਇਕ ਮਨ ਇਕ ਚਿੱਤ ਹੋ ਕੇ ਧਿਆਨ ਧਰਨ ਨਾਲ ਅੰਤਹਿ-ਕਰਣ ਸ਼ੁੱਧ ਹੋ ਜਾਂਦਾ ਹੈ ਅਤੇ ਪਾਪਾਂ ਦਾ ਨਾਸ਼ ਹੋ ਜਾਂਦਾ ਹੈ।

**ਪਾਪ ਨਸ਼ਟ ਗੁਰ ਭਗਤ ਤੇ, ਦਰਸ਼ਨ ਕਰਹੋ ਨੀਤ ॥**

**ਕਾਰਣ ਭਗਤ ਹੈ ਮੁਕਤ ਕਾ, ਕਰ ਨਿਹਚੇ ਪ੍ਰਤੀਤ ॥**

ਗੁਰੂ ਦੀ ਭਗਤੀ ਕਰਨ ਨਾਲ ਪਾਪ ਨਾਸ਼ ਹੋ ਜਾਂਦੇ ਹਨ, ਇਸ ਲਈ ਹਰ ਸਮੇਂ ਗੁਰੂ ਦੇ ਦਰਸ਼ਨ ਕਰਨੇ ਚਾਹੀਦੇ ਹਨ, ਨਿਸ਼ਚੇ ਕਰਕੇ ਪ੍ਰਭੂ ਦੀ ਭਗਤੀ ਕਰਨੀ ਚਾਹੀਦੀ ਹੈ, ਜਿਸ ਨਾਲ ਮੁਕਤੀ ਮਿਲਦੀ ਹੈ।

**ਚਰਨ ਭਗਤ ਕਰ ਲਛਮੀ, ਸ਼ਕਤੀ ਭਈ ਸੁ ਮੀਤ ॥**

**ਜਗਤ ਚਰਨ ਕੀ ਸ਼ਕਤ ਤਿਸ, ਭਈ ਸੁ ਜਾਨੋ ਮੀਤ ॥**

ਪ੍ਰਭੂ ਦੇ ਚਰਨ ਕਮਲਾਂ ਦੀ ਭਗਤੀ ਕਰਕੇ ਮਾਇਆ ਬਲਵਾਨ ਹੋ ਜਾਂਦੀ ਹੈ ਅਤੇ ਉਸ ਵਿਚ ਪ੍ਰਭੂ ਦੀ ਭਗਤੀ ਕਰਨ ਨਾਲ ਸਾਰੇ ਸੰਸਾਰ ਦੀ ਸ਼ਕਤੀ ਆ ਜਾਂਦੀ ਹੈ।

**ਭਗਤਿ ਸੁ ਗੁਰ ਕੇ ਚਰਨ ਕੀ, ਕਰ ਨਿਹਚੇ ਧਰ ਚੀਤ ॥**

**ਗੁਰ ਬਿਨ ਔਰ ਨਾ ਧਿਆਨ ਧਰ, ਇਹ ਰਵਿਦਾਸ ਕੀ ਰੀਤ ॥**

**ਹਾੜ ਸ਼ਾਂਤ ਸੁੱਖ ਤਿਨ ਜਨਾਂ, ਜਿਨ ਗੁਰ ਭਗਤ ਪਰੀਤ ॥**

ਇਸ ਲਈ ਹੇ ਜੀਵ! ਤੂੰ ਪ੍ਰਭੂ ਦੇ ਚਰਨ ਕਮਲਾਂ ਦੀ ਇਕ-ਮਨ ਇਕ-ਚਿੱਤ ਹੋ ਕੇ ਭਗਤੀ ਕਰ। ਗੁਰੂ ਤੋਂ ਬਿਨਾਂ ਹੋਰ ਕੋਈ ਧਿਆਨ ਨਹੀਂ ਕਰਨਾ ਚਾਹੀਦਾ, ਜਗਤਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਇਹ ਭਗਤੀ ਦੀ ਰੀਤ ਹੈ। ਹਾੜ ਦਾ ਮਹੀਨਾ ਭਾਵ ਮਨੁੱਖਾ ਜਨਮ ਉਨ੍ਹਾਂ ਵਾਸਤੇ ਸੁੱਖ ਵਾਲਾ ਹੈ ਜਿਨ੍ਹਾਂ ਦਾ ਗੁਰੂ ਭਗਤੀ ਨਾਲ ਪ੍ਰੇਮ ਹੈ।

***

## "ਸਾਵਣ"

**ਸਾਵਣ ਸ਼ਾਂਤ ਭਈ ਜਗਤ ਮੇਂ, ਬਾਰਛ ਹੋਇ ਬਸ਼ੇਸ ॥**

**ਘਰ, ਘਰ ਮੰਗਲਾਚਾਰ ਹੈ, ਨਾਸੇ ਸਭੀ ਕਲੇਸ਼ ॥**

ਸਾਵਣ ਦੇ ਮਹੀਨੇ ਸਾਰੇ ਸੰਸਾਰ ਵਿਚ ਸ਼ਾਂਤੀ ਹੋ ਜਾਂਦੀ ਹੈ ਕਿਉਂਕਿ ਬਾਰਿਸ਼ ਖਾਸ ਕਰਕੇ ਹੁੰਦੀ ਹੈ। ਇਸ ਤਰਾਂ ਹਰਿ ਦੇ ਸਿਮਰਨ ਕਰਨ ਨਾਲ ਜੀਵ ਦੇ ਅੰਦਰ ਅਨੰਦ ਦੀ ਵਰਖਾ ਹੁੰਦੀ ਹੈ। ਘਰ-ਘਰ ਖੁਸ਼ੀ ਦੇ ਗੀਤ ਗਾਏ ਜਾਂਦੇ ਹਨ ਅਤੇ ਸਾਰੇ ਦੁੱਖ ਦੂਰ ਹੋ ਜਾਂਦੇ ਹਨ।

**ਅੰਨ, ਧਨ ਬਹੁਤਾ ਉਪਜਿਆ, ਗਊਆਂ ਘਾਸ ਹਮੇਸ਼ ॥**

**ਸੁਹਾਗਣਿ ਸਦਾ ਆਨੰਦ ਹੈ, ਦੁਹਾਗਣਿ ਮੈਲਾ ਭੇਸ ॥**

ਅੰਨ ਧਨ ਦੀ ਬਹੁਤ ਉਪਜ ਹੁੰਦੀ ਹੈ ਅਤੇ ਗਊਆਂ ਨੂੰ ਘਾਹ ਪ੍ਰਾਪਤ ਹੁੰਦੀ ਹੈ। ਪਤੀ-ਬ੍ਰਤਾ ਔਰਤ ਸਦਾ ਆਨੰਦ ਵਿਚ ਰਹਿੰਦੀ ਹੈ ਅਤੇ ਦੁਹਾਗਣ ਅੰਤਹਿ-ਕਰਨ ਰੂਪੀ ਕੱਪੜਾ ਮੈਲਾ ਕਰਦੀ ਹੈ।

**ਕਰ ਪੂਜਨ ਗੁਰ ਚਰਨ ਕੀ, ਸ਼ਰਧਾ ਸਾਥ ਹਮੇਸ਼ ॥**

**ਪਾਨ, ਸੁਪਾਰੀ, ਪੁਸ਼ਪਕਰ, ਪੂਜਨ ਕਰੋ ਹਮੇਸ਼ ॥**

ਹੇ ਜੀਵ! ਤੂੰ ਗੁਰੂ ਦੇ ਚਰਨਾਂ ਦੀ ਪੂਜਾ ਹਮੇਸ਼ਾਂ ਸ਼ਰਧਾ ਨਾਲ

ਕਰ, ਗੁਰੂ ਚਰਨਾਂ ਦੀ ਸੇਵਾ ਕਰਨੀ ਹੀ ਪਾਨ ਸੁਪਾਰੀ ਫੁੱਲਾਂ ਦੀ ਪੂਜਾ ਆਦਿ ਹਨ।

**ਅਰਚਨਾ ਭਗਤੀ ਪੰਚਮੀ, ਗੁਰ ਪੂਜਾ ਮੇਂ ਧਿਆਨ॥**
**ਬਿਨਾ ਇਸ਼ਟ ਗੁਰਦੇਵ ਤੇ, ਪੂਜੋ ਦੇਵ ਨਾ ਆਨ॥**

ਪ੍ਰਭੂ ਦੀ ਅਰਚਨਾ ਭਗਤੀ ਪੰਚਵੀਂ ਹੈ, ਜਿਸ ਵਿਚ ਗੁਰੂ ਦੀ ਪੂਜਾ ਵਿਚ ਧਿਆਨ ਧਰਿਆ ਜਾਂਦਾ ਹੈ। ਇਸ਼ਟ ਗੁਰੂਦੇਵ ਤੋਂ ਬਿਨਾਂ ਹੋਰ ਕਿਸੇ ਦੀ ਪੂਜਾ ਨਹੀਂ ਕਰਨੀ ਚਾਹੀਦੀ।

**ਗੁਰੂ ਹਰਿ ਮੇਂ ਨਾ ਭੇਦ ਕੁਝ, ਕਹਯੋ ਆਪ ਸੁਜਾਨ॥**
**ਨਿਹਚੇ ਕਰ ਗੁਰ ਚਰਨ ਭਜ, ਹੋਵਤ ਹੈ ਕਲਿਆਨ॥**

ਗੁਰੂ ਅਤੇ ਹਰਿ ਵਿਚ ਕੋਈ ਅੰਤਰ ਨਹੀਂ ਹੈ, ਸ੍ਰੇਸ਼ਟ ਪੁਰਸ਼ਾਂ ਨੇ ਕਿਹਾ ਹੈ ਕਿ ਨਿਸ਼ਚਾ ਕਰਕੇ ਗੁਰੂ ਦੇ ਚਰਨਾਂ ਨਾਲ ਜੁੜਨ ਨਾਲ ਕਲਿਆਣ ਹੁੰਦਾ ਹੈ।

**ਗੁਰ ਸਮਾਨ ਨਹੀਂ ਔਰ ਜਗ, ਜਾਨਤ ਸੰਤ ਸੁਜਾਨ॥**
**ਕਹਿ ਰਵਿਦਾਸ ਗੁਰ ਚਰਨ ਕੋ, ਕਰਤ ਸਦਾ ਹੀ ਧਿਆਨ॥**

ਸੂਝਵਾਨ ਸੰਤ ਇਹ ਜਾਣਦੇ ਹਨ ਕਿ ਗੁਰੂ ਦੇ ਸਮਾਨ ਇਸ ਸੰਸਾਰ ਵਿਚ ਹੋਰ ਕੋਈ ਨਹੀਂ ਹੈ, ਸਤਿਗੁਰੂ ਰਵਿਦਾਸ ਮਹਾਰਾਜ ਜੀ ਬਿਆਨ ਕਰਦੇ ਹਨ ਕਿ ਜੀਵ ਨੂੰ ਹਮੇਸ਼ਾਂ ਹੀ ਗੁਰੂ ਦੇ ਚਰਨਾਂ ਦਾ ਧਿਆਨ ਧਰਨਾ ਚਾਹੀਦਾ ਹੈ।

* * *

## "ਭਾਦਰੋਂ"

**ਭਾਦਰੋਂ ਭਰਮ ਭੁਲਾਇਆ, ਮਾਇਆ ਸੰਗ ਪਿਆਰ॥**
**ਗੁਰ ਬਿਨ ਸ਼ਾਂਤ ਨਾ ਪਾਇ ਹੈ, ਜਨਮ ਮਰਨ ਮੇਂ ਬਾਰੰਬਾਰ॥**

ਭਾਦਰੋਂ ਦੇ ਮਹੀਨੇ ਭਾਵ ਮਨੁੱਖ ਜਨਮ ਭਰਮ ਵਿਚ ਲੱਗ ਕੇ ਪ੍ਰਭੂ ਨੂੰ ਭੁੱਲ ਕੇ ਮਾਇਆ ਨਾਲ ਪਿਆਰ ਕਰਦਾ ਹੈ, ਗੁਰੂ ਤੋਂ ਬਿਨਾਂ

ਜੀਵ ਨੂੰ ਸ਼ਾਂਤੀ ਨਹੀਂ ਮਿਲਦੀ ਅਤੇ ਜੀਵ ਵਾਰ-ਵਾਰ ਜੰਮਦਾ ਮਰਦਾ ਹੈ।

**ਜਿਨ੍ਹਾਂ ਵਿਸਾਰਿਆ ਰਾਮ ਨਾਮ, ਗੁਰ ਚਰਨੀ ਨਹੀਂ ਪਿਆਰ ॥**
**ਧ੍ਰਿਗ ਤਿਨਾ ਕਾ ਜੀਵਣਾ, ਕਾਂਹੂ ਆਏ ਸੰਸਾਰ ॥**

ਜਿਨ੍ਹਾਂ ਜੀਵਾਂ ਨੇ ਪ੍ਰਭੂ ਨਾਮ ਨੂੰ ਭੁਲਾ ਕੇ ਗੁਰੂ ਚਰਨਾਂ ਨਾਲ ਪਿਆਰ ਨਹੀਂ ਕੀਤਾ ਉਹਨਾਂ ਦਾ ਜੀਵਨ ਧ੍ਰਿਗ ਹੈ। ਉਹ ਸੰਸਾਰ ਵਿਚ ਕਿਉਂ ਆਏ ਹਨ।

**ਭਵਿ ਜਲ ਮਾਂਹਿ ਭਵੰਦਿਆਂ, ਨਾ ਉਰਵਾਰ ਨਾ ਪਾਰ ॥**
**ਗੁਰ ਚਰਨਨ ਕਾ ਆਸਰਾ, ਜਿਨ ਮਨ ਲੀਨਾ ਧਾਰ ॥**

ਸੰਸਾਰ ਰੂਪੀ ਭਵ-ਸਾਗਰ ਵਿਚ ਤਰਦਿਆਂ ਕੋਈ ਕਿਨਾਰਾ ਨਹੀਂ ਮਿਲਦਾ ਭਾਵ ਲੋਕ ਪ੍ਲੋਕ ਵਿਚ ਸੁੱਖ ਨਹੀਂ ਮਿਲਦਾ। ਜਿਨ੍ਹਾਂ ਜੀਵਾਂ ਨੇ ਗੁਰੂ ਚਰਨਾਂ ਨੂੰ ਮਨ ਵਿਚ ਧਾਰ ਲਿਆ ਉਹ ਗੁਰੂ ਚਰਨਾਂ ਨੂੰ ਪ੍ਣਾਮ ਕਰਕੇ ਭਵ-ਸਾਗਰ ਨੂੰ ਪਾਰ ਕਰ ਜਾਂਦੇ ਹਨ।

**ਕਰ ਡੰਡੋਤ ਗੁਰ ਚਰਨ ਮੇਂ, ਭਵਨਿਧ ਉਤਰੇ ਪਾਰ ॥**
**ਗੁਰੂਦੇਵ ਗੁਰੂ ਸਮਝ ਕੇ, ਕਰੀਂ ਸ਼ੁਕਰ ਵਿਚਾਰ ॥**

ਜੀਵ ਗੁਰੂ ਚਰਨਾਂ ਨੂੰ ਡੰਡਵਤ ਪ੍ਣਾਮ ਕਰਕੇ ਭਵ-ਸਾਗਰ ਪਾਰ ਹੋ ਜਾਂਦਾ ਹੈ। ਗੁਰੂਦੇਵ ਨੂੰ ਗੁਰੂ ਸਮਝਕੇ ਸਰੇਸ਼ਟ ਵਿਚਾਰ ਕਰ।

**ਬੰਦਨਾ ਭਗਤੀ ਛਠੀ ਏਹ, ਕਰੇ ਸ਼ਿਸ਼ ਵਡਭਾਗ ॥**
**ਅਵਰ ਕਰਮ ਸਭ ਤਿਆਗ ਕਰ, ਗੁਰ ਕੀ ਚਰਨੀ ਲਾਗ ॥**

ਬੰਦਨਾਂ ਭਗਤੀ ਛੇਵੀਂ ਹੈ, ਜਿਸ ਨੂੰ ਵੱਡੇ ਭਾਗਾਂ ਵਾਲਾ ਸੇਵਕ ਕਰਦਾ ਹੈ। ਹੇ ਜੀਵ, ਹੋਰ ਸਾਰੇ ਕਰਮ ਤਿਆਗ ਕੇ ਗੁਰੂ ਦੇ ਚਰਨਾਂ ਵਿਚ ਲੱਗ।

**ਗੁਰ ਕੇ ਚਰਨ ਬਹੁ ਪ੍ਰੇਮ ਕਰ, ਮਾਇਆ ਮੋਹ ਤਿਆਗ ॥**
**ਬਿਨ ਗੁਰ ਭਗਤ ਨ ਥਿਰ ਕਛੂ ਜਗਤ ਪਸਾਰਾ ਬਾਗ ॥**

ਗੁਰੂ ਦੇ ਚਰਨ-ਕਮਲਾਂ ਵਿਚ ਪ੍ਰੇਮ ਕਰ ਅਤੇ ਮੋਹ ਮਾਇਆ ਦੇ ਮੋਹ ਦਾ ਤਿਆਗ ਕਰ। ਗੁਰੂ ਦੀ ਭਗਤੀ ਤੋਂ ਬਿਨਾਂ ਹੋਰ ਕੁਝ ਸਥਿਰ ਨਹੀਂ ਹੈ। ਇਹ ਸੰਸਾਰ ਦਾ ਪਸਾਰਾ ਝੂਠਾ ਬਾਗ ਹੈ।

**ਪੂਰਨ ਪੁੰਨ ਪ੍ਰਤਾਪ ਤੇ, ਜਾਗਿਯੋ ਇਸੋ ਬੈਰਾਗ॥**
**ਸੋਇਓ ਮੋਹ ਕੀ ਨੀਂਦ ਮੇਂ, ਗੁਰ ਕਿਰਪਾ ਭਯੋ ਸੁਜਾਗ॥**

ਪਿਛਲੇ ਕੀਤੇ ਹੋਏ ਪੁੰਨਾਂ ਦੇ ਕਰਕੇ ਜੀਵ ਦੇ ਅੰਦਰ ਵੈਰਾਗ ਜਾਗਦਾ ਹੈ, ਜੀਵ ਮੋਹ ਦੀ ਨੀਂਦ 'ਚ ਸੁੱਤਾ ਹੈ, ਪਰ ਗੁਰੂ ਦੀ ਕਿਰਪਾ ਨਾਲ ਜਾਗ ਜਾਂਦਾ ਹੈ ਭਾਵ ਗਿਆਨ ਪ੍ਰਾਪਤ ਹੋ ਜਾਂਦਾ ਹੈ।

**ਰਵਿਦਾਸ ਗੁਰੂ ਚਰਨ ਕੋਂ, ਤੂੰ ਕਭੀ ਨਹੀਂ ਤਿਆਗ॥**

ਸਤਿਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਹੇ ਜੀਵ! ਤੂੰ ਗੁਰੂ ਚਰਨਾਂ ਨੂੰ ਕਦੀ ਵੀ ਨਾ ਤਿਆਗ।

* * *

## "ਅੱਸੂ"

**ਅੱਸੂ ਆਸਾਂ ਪੂਰੀਆਂ, ਜਬ ਗੁਰ ਭਏ ਦਿਆਲ॥**
**ਚਰਨੀ ਲਾਵੋ ਦਾਸ ਕੋ, ਕਰੋ ਪ੍ਰਭੂ ਪ੍ਰਿਤਪਾਲ॥**

ਅੱਸੂ ਦੇ ਮਹੀਨੇ ਭਾਵ ਅਮੋਲਕ ਜਨਮ ਵਿੱਚ ਜਦੋਂ ਗੁਰੂ ਦਿਆਲ ਹੋ ਜਾਂਦਾ ਹੈ ਉਸ ਸਮੇਂ ਜੀਵ ਦੀਆਂ ਸਾਰੀਆਂ ਇੱਛਾਵਾਂ ਪੂਰੀਆਂ ਹੋ ਜਾਂਦੀਆਂ ਹਨ। ਸਾਰੇ ਸੰਸਾਰ ਦੀ ਪਾਲਣਾ ਕਰਨ ਵਾਲੇ ਹੇ ਪ੍ਰਭੂ ਜੀ! ਆਪਣੇ ਦਾਸ ਨੂੰ ਵੀ ਆਪਣੇ ਚਰਨਾਂ ਨਾਲ ਲਗਾ ਲਓ।

**ਪ੍ਰੇਮ ਤਾਰ ਗੁਰਨਾਮ ਮਨ, ਗਲ ਪਾਵੋ ਮਾਲ॥**
**ਦਰਸ਼ਨ ਕਰ ਗੁਰ ਚਰਨ ਕੋ, ਤਬ ਹੀ ਭਏ ਨਿਹਾਲ॥**

ਪ੍ਰੇਮ ਦੀ ਤਾਰ ਪਾ ਕੇ ਗੁਰੂ ਦੇ ਨਾਮ ਦੀ ਮਾਲਾ ਗਲ ਵਿਚ ਪਾਓ ਅਤੇ ਗੁਰੂ ਚਰਨਾਂ ਦੇ ਦਰਸ਼ਨ ਕਰਨ ਨਾਲ ਜੀਵ ਨਿਹਾਲ ਹੋ ਜਾਂਦਾ ਹੈ।

**ਗੁਰ ਚਰਨੀ ਲਗ ਭਗਤ ਕਰ, ਤਿਆਗ ਮੋਹ ਕਾ ਜਾਲ॥**

**ਗੁਰ ਭਗਤੀ ਤਬ ਪਾਈਏ, ਜੇ ਹੋਵੇ ਲਿਖਿਆ ਭਾਗ॥**

ਹੇ ਜੀਵ! ਗੁਰੂ ਦੇ ਚਰਨਾਂ ਨਾਲ ਭਗਤੀ ਕਰਕੇ ਮੋਹ ਦਾ ਜਾਲ ਤਿਆਗ ਦੇ, ਗੁਰੂ ਦੀ ਭਗਤੀ ਓਦੋਂ ਹੀ ਮਿਲਦੀ ਹੈ ਜਦੋਂ ਜੀਵ ਦੇ ਭਾਗਾਂ ਵਿਚ ਲਿਖਿਆ ਹੋਵੇ।

**ਦਾਸਾ ਭਗਤੀ ਇਹੀ ਹੈ, ਸਪਤਮ ਜਾਨੋ ਲਾਲ॥**

**ਕਰੋ ਅਭੀ ਪਛਤਾਉਗੇ, ਫਿਰ ਹਾਥ ਨਾ ਆਵੈ ਕਾਲ॥**

ਇਹੀ ਪ੍ਰਭੂ ਦੀ ਦਾਸਾ ਭਗਤੀ ਸੱਤਵੀਂ ਹੈ, ਇਸ ਨੂੰ ਜਾਨਣਾ ਕਰ। ਪ੍ਰਭੂ ਦੀ ਭਗਤੀ ਕਰੋ, ਨਹੀਂ ਤਾਂ ਪਛਤਾਉਂਗੇ, ਫਿਰ ਦੁਬਾਰਾ ਮਨੁੱਖ ਜਨਮ ਦਾ ਸਮਾਂ ਹੱਥ ਨਹੀਂ ਆਉਣਾ।

**ਇਹ ਦਾਸਾ ਭਗਤੀ ਕੀਨੀ, ਵਿਰਲੇ ਵੀਰ॥**

**ਸਵਾਸ, ਸਵਾਸ ਆਗਿਆ ਰਾਖਿਓ ਧੀਰ॥**

ਇਹੀ ਦਾਸਾ ਭਗਤੀ ਕਿਸੇ ਵਿਰਲੇ ਪੁਰਸ਼ ਨੇ ਕੀਤੀ ਹੈ। ਜੋ ਸਵਾਸ-ਸਵਾਸ ਪ੍ਰਭੂ ਦਾ ਸਿਮਰਨ ਕਰਕੇ ਉਸ ਦੀ ਆਗਿਆ ਵਿਚ ਰਹਿੰਦਾ ਹੈ।

**ਰਹੇ ਸਦਾ ਵਿਚ ਆਗਿਆ, ਇਹੋ ਭਗਤ ਮਹਾਨ॥**

**ਦਾਸਾ ਭਗਤੀ ਇਹੀ ਹੈ, ਦਾਸਨ ਦਾਸ ਬਿਖਾਨ॥**

ਹਮੇਸ਼ਾਂ ਪ੍ਰਭੂ ਦੇ ਹੁਕਮ ਵਿਚ ਰਹਿਣਾ ਇਹ ਭਗਤੀ ਮਹਾਨ ਹੈ, ਇਹੀ ਦਾਸਾ ਭਗਤੀ ਹੈ ਜੋ ਪ੍ਰਭੂ ਦੇ ਦਾਸਾਂ ਦਾ ਦਾਸ ਸਮਝਿਆ ਜਾਂਦਾ ਹੈ।

**ਬੁੱਧ, ਸੁੱਧ ਤਬ ਹੋਇ ਹੈ, ਪਾਵੈ ਨਿਰਮਲ ਗਿਆਨ॥**

**ਅੱਸੂ ਪੂਰਨ ਆਸ ਸਭ, ਗੁਰੂਦੇਵ ਵਿਖਿਆਨ॥**

ਜੀਵ ਨੂੰ ਵਿਵੇਕ, ਬੁੱਧੀ ਅਤੇ ਸੋਝੀ ਉਸ ਸਮੇਂ ਹੁੰਦੀ ਹੈ ਜਦੋਂ ਪ੍ਰਭੂ ਦੇ ਨਿਰਮਲ ਗਿਆਨ ਦੀ ਪ੍ਰਾਪਤੀ ਹੁੰਦੀ ਹੈ, ਗੁਰਦੇਵ ਜੀ ਫ਼ਰਮਾਉਂਦੇ

ਹਨ ਕਿ ਅੱਸੂ ਦੇ ਮਹੀਨੇ ਭਾਵ ਅਨਮੋਲ ਜਨਮ ਪ੍ਰਭੂ ਦਾ ਸਿਮਰਨ ਕਰਨ ਨਾਲ ਸਾਰੀਆਂ ਇੱਛਾਵਾਂ ਪੂਰਨ ਹੁੰਦੀਆਂ ਹਨ।

**ਰਵਿਦਾਸ ਗੁਰੂ ਚਰਨਨ ਕਾ, ਸਦਾ ਕਰਤ ਹੈ ਧਿਆਨ ॥**

ਜਗਤਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਜੀਵ ਨੂੰ ਹਮੇਸ਼ਾਂ ਗੁਰੂ ਦੇ ਚਰਨਾਂ ਦਾ ਧਿਆਨ ਧਰਨਾ ਚਾਹੀਦਾ ਹੈ।

* * *

## "ਕੱਤਕ"

**ਕੱਤਕ ਕਰਮ ਤਿਆਗ ਕਰ, ਭਗਤ ਕਰੋ ਗੁਰਦੇਵ ॥**
**ਸੋਹੰ, ਸੋਹੰ ਜਪੰਦਿਆਂ, ਕਰ ਸੰਤਨ ਕੀ ਸੇਵ ॥**

ਕੱਤਕ ਦਾ ਮਹੀਨਾ ਭਾਵ ਮਨੁੱਖਾ ਜਨਮ ਵਿਚ ਜੀਵ ਨੂੰ ਖੋਟੇ ਕਰਮਾਂ ਦਾ ਤਿਆਗ ਕਰਕੇ ਗੁਰਦੇਵ ਦੀ ਭਗਤੀ ਕਰਨੀ ਚਾਹੀਦੀ ਹੈ। ਸੋਹੰ, ਸੋਹੰ ਦਾ ਜਾਪ ਕਰਦੇ ਹੋਏ ਸੰਤਾਂ ਦੀ ਸੇਵਾ ਕਰਨੀ ਚਾਹੀਦੀ ਹੈ।

**ਮਾਤ, ਤਾਤ ਔਰ ਭ੍ਰਾਤ ਤੇ, ਪ੍ਰਿਯ ਜਾਨ ਗੁਰਦੇਵ ॥**
**ਔਰ ਸਖਾ ਨਹਿ ਜਗਤ ਮੇਂ, ਜੈਸੇ ਹੈ ਗੁਰਦੇਵ ॥**

ਮਾਤਾ ਪਿਤਾ ਅਤੇ ਭਰਾ ਸਭਨਾਂ ਤੋਂ ਪਿਆਰਾ ਗੁਰੂਦੇਵ ਨੂੰ ਜਾਨਣਾ ਚਾਹੀਦਾ ਹੈ। ਸੰਸਾਰ ਵਿਚ ਗੁਰੇਦਵ ਜੈਸਾ ਕੋਈ ਹੋਰ ਸਹਾਇਕ ਨਹੀਂ ਹੈ।

**ਸਖਾ ਭਗਤ ਇਹ ਅਸ਼ਟਮੀ, ਕੀਤੀ ਅਰਜਨ ਦੇਵ ॥**
**ਸਖਾ ਜਾਨ ਗੁਰ ਭਗਤ ਕਰ, ਤਿਆਗ ਕਰੋ ਅਹੰਮੇਵ ॥**

ਅੱਠਵੀਂ ਸਖਾ ਭਗਤੀ ਹੈ, ਜੋ ਅਰਜਨ ਨੇ ਕੀਤੀ ਹੈ। ਜੀਵ ਨੂੰ ਗੁਰੂ ਨੂੰ ਸਹਾਇਕ ਜਾਣਦੇ ਹੋਏ ਭਗਤੀ ਕਰਕੇ ਹੰਕਾਰ ਦਾ ਤਿਆਗ ਕਰਨਾ ਚਾਹੀਦਾ ਹੈ।

**ਕਾਮ ਕਰੋਧ ਹੰਕਾਰ ਤੱਜ, ਤਬ ਕਛੂ ਪਾਵੈ ਭੇਵ ॥**

**ਸਖਾ ਭਗਤ ਸੁਭਾਵ ਯਹ, ਜਿਮ ਜਲ, ਦੁੱਧ ਮਲੇਵ ॥**

ਕਾਮ ਕ੍ਰੋਧ ਹੰਕਾਰ ਤਿਆਗ ਕੇ ਭਗਤੀ ਕਰਕੇ ਜੀਵ ਪ੍ਰਭੂ ਦੇ ਕੁਛ ਭੇਦ ਨੂੰ ਪਾਉਂਦਾ ਹੈ। ਸਖਾ ਭਗਤੀ ਵਿਚ ਜੀਵ ਨੂੰ ਪ੍ਰਭੂ ਨਾਲ ਇਸ ਪ੍ਰਕਾਰ ਇਕ-ਮਿੱਕ ਹੋਣਾ ਚਾਹੀਦਾ ਹੈ ਜਿਵੇਂ ਪਾਣੀ ਤੇ ਦੁੱਧ ਇਕ ਮਿੱਕ ਹੋ ਜਾਂਦੇ ਹਨ।

**ਸਰਬ ਕਰਮ ਕੋ ਤਿਆਗ ਕਰ, ਹਰਿ ਗੁਰ ਜਪ ਦਿਨ ਰੈਨ ॥**
**ਬਾਝੂ ਨੀਰ ਜਿਮ ਮੀਨ ਕੋ, ਆਵਤ ਨਾਂਹੀ ਚੈਨ ॥**

ਸਾਰੇ ਕਰਮਾਂ ਨੂੰ ਤਿਆਗ ਕੇ, ਹੇ ਜੀਵ! ਦਿਨ ਰਾਤ ਹਰਿ ਦਾ ਸਿਮਰਨ ਕਰ। ਜਿਵੇਂ ਮੱਛੀ ਪਾਣੀ ਤੋਂ ਬਿਨਾਂ ਨਹੀਂ ਰਹਿ ਸਕਦੀ, ਇਸੇ ਪ੍ਰਕਾਰ ਪ੍ਰਭੂ ਪ੍ਰੇਮੀ ਜੀਵ ਪ੍ਰਭੂ ਤੋਂ ਬਿਨਾਂ ਨਹੀਂ ਰਹਿ ਸਕਦਾ।

**ਚੱਕਵੀ ਕਰੇ ਵਿਲਾਮ ਜਿਮ, ਕਬ ਇਹ ਜਾਵੇ ਰੈਨ ॥**
**ਚੰਦ, ਚਕੋਰ ਕੀ ਪ੍ਰੀਤ ਜਿਮ, ਮੋਰ ਮੁਗਧ ਘਨ ਬੈਨ ॥**

ਜਿਵੇਂ ਚੱਕਵੀ ਵਿਰਲਾਪ ਕਰਦਾ ਹੈ ਕਿ ਕਦੋਂ ਰਾਤ ਸਮਾਪਤ ਹੋਵੇ। ਤੇ ਉਹ ਆਪਣੇ ਪ੍ਰੀਤਮ ਨੂੰ ਪ੍ਰਭਾਤ ਸਮੇਂ ਮਿਲੇ। ਚਕੋਰ ਦੀ ਪ੍ਰੀਤੀ ਜਿਵੇਂ ਚੰਦਰਮਾਂ ਨਾਲ ਹੈ, ਜਿਵੇਂ ਜੰਗਲੀ ਮੋਰ ਦੀ ਪ੍ਰੀਤੀ ਬੱਦਲਾਂ ਨਾਲ ਹੈ। ਇਸੇ ਤਰ੍ਹਾਂ ਦੀ ਪ੍ਰੀਤੀ ਜੀਵ ਨੂੰ ਪ੍ਰਭੂ ਨਾਲ ਕਰਨੀ ਚਾਹੀਦੀ ਹੈ।

**ਸਵਾਸ, ਸਵਾਸ ਨਹੀਂ ਬਿਸਰੇ, ਜਿਉਂ ਬਛਰੇ ਕੋ ਥੈਨ ॥**
**ਜਿਮ ਕਾਮਣਿ ਪ੍ਰਸੰਨ ਅਤਿ, ਪਤੀ ਕੋ ਦੇਖਤ ਨੈਨ ॥**

ਜੀਵ ਨੂੰ ਸਵਾਸ-ਸਵਾਸ ਪ੍ਰਭੂ ਨੂੰ ਨਹੀਂ ਭੁਲਾਉਣਾ ਚਾਹੀਦਾ ਹੈ ਜਿਵੇਂ ਵੱਛੜਾ ਦੁੱਧ ਨੂੰ ਨਹੀਂ ਭੁਲ ਸਕਦਾ। ਜਿਵੇਂ ਇਸਤਰੀ ਪਤੀ ਨੂੰ ਵੇਖਕੇ ਪ੍ਰਸੰਨ ਹੁੰਦੀ ਹੈ, ਇਸੇ ਪ੍ਰਕਾਰ ਜੀਵ ਰੂਪੀ ਇਸਤਰੀ ਪ੍ਰਭੂ ਪਤੀ ਦੇ ਦਰਸ਼ਨ ਕਰਕੇ ਪ੍ਰਸੰਨ ਹੁੰਦੀ ਹੈ।

**ਕੱਤਕ ਸਵੇਰ ਕਾਮ ਸਭ, ਜਬ ਗੁਰ ਕਰਨਾ ਐਨ ॥**

**ਰਵਿਦਾਸ ਗੁਰੂਦੇਵ ਚਰਨ ਕੋ, ਧੋਇ, ਧੋਇ ਕਰ ਪੈਨ ॥**

ਕੱਤਕ ਦੇ ਮਹੀਨੇ ਭਾਵ ਅਮੋਲਕ ਜਨਮ ਵਿਚ ਜਦੋਂ ਗੁਰੂ ਕਿਰਪਾ ਕਰਦੇ ਹਨ ਜੀਵ ਦੇ ਸਾਰੇ ਕਰਮ ਸਫ਼ਲ ਹੋ ਜਾਂਦੇ ਹਨ। ਜਗਤਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਜੀਵ ਨੂੰ ਗੁਰਦੇਵ ਦੇ ਚਰਨ ਧੋ ਕੇ ਪੀਣੇ ਚਾਹੀਦੇ ਹਨ।

* * *

## "ਮੱਘਰ"

**ਚੜਿਆ ਮੱਘਰ ਹੇ ਸਖੀ, ਗਾਵੋ ਪ੍ਰਭ ਕੇ ਗੀਤ ॥**

**ਸੰਤਾਂ ਸੰਗਤ ਪਾਇ ਕਰ, ਗੁਰੂਦੇਵ ਸਿਮਰੋ ਨੀਤ ॥**

ਹੇ ਸਖੀ! ਮੱਘਰ ਦਾ ਮਹੀਨਾ ਚੜ੍ਹਿਆ ਹੈ, ਭਾਵ ਅਨਮੋਲ ਜਨਮ ਵਿੱਚ ਪ੍ਰਭੂ ਦੇ ਗੀਤ ਗਾਵੋ ਅਤੇ ਸੰਤਾਂ ਦੀ ਸੰਗਤ ਵਿਚ ਜਾ ਕੇ ਨਿੱਤਾਂ ਪ੍ਰਤੀ ਗੁਰਦੇਵ ਦਾ ਸਿਮਰਨ ਕਰੋ।

**ਤਨ, ਮਨ, ਧਨ ਸਭ ਅਰਪ ਕਰ, ਐਸੀ ਕਰੋ ਪਰੀਤ ॥**

**ਤਿਆਗ ਲੋਭ, ਮੋਹ ਅਹੰਕਾਰ ਸਭ, ਗੁਰੂਦੇਵ ਕੀ ਕਰੋ ਪ੍ਰੀਤ ॥**

ਪ੍ਰਭੂ ਅੱਗੇ ਆਪਣਾ ਤਨ, ਮਨ ਅਤੇ ਆਪਣਾ ਧਨ ਸਭ ਕੁਝ ਅਰਪਣ ਕਰਕੇ ਐਸੀ ਸੱਚੀ ਪ੍ਰੀਤ ਕਰੋ ਅਤੇ ਲੋਭ, ਮੋਹ, ਅਹੰਕਾਰ ਆਦਿ ਸਭ ਦਾ ਤਿਆਗ ਕਰਕੇ ਗੁਰੂਦੇਵ ਨਾਲ ਪ੍ਰੀਤੀ ਕਰੋ।

**ਗੌਣ ਵਾਕ ਸਭ ਤਿਆਗ ਕਰ, ਸੰਤ ਵਚਨ ਧਰ ਚੀਤ ॥**

**ਤਨ, ਮਨ, ਧਨ ਇਹ ਹੰਕਾਰ, ਆਪਣੇ ਕਛਹੁ ਨਾ ਮਾਨ ॥**

ਫਜ਼ੂਲ ਦੀਆਂ ਗੱਲਾਂ ਨੂੰ ਛੱਡ ਕੇ ਸੰਤਾਂ ਦੇ ਬਚਨਾਂ ਨੂੰ ਮਨ ਵਿਚ ਧਾਰਨ ਕਰੋ ਤਨ, ਮਨ ਦਾ ਹੰਕਾਰ ਛੱਡ ਕੇ ਆਪਣਾ ਕੁਝ ਵੀ ਨਾ ਸਮਝ।

**ਗਰਬ ਕਰਤ ਜੋ ਇਨਸੇ , ਸੋ ਨਰ ਹੈ ਅਨਜਾਣ ॥**

**ਆਪ ਕਛਹੂ ਨਾ ਹੋਤ ਹੈ, ਦੇਣਹਾਰ ਹਰਿ ਧਾਮ ॥**

ਜੋ ਜੀਵ ਤਨ, ਮਨ ਅਤੇ ਧਨ ਦਾ ਹੰਕਾਰ ਕਰਦਾ ਹੈ ਉਹ ਅਣਜਾਣ ਹੈ ਆਪਣੇ ਆਪ ਜੀਵ ਕੋਲ ਕੁਝ ਵੀ ਨਹੀਂ ਹੋ ਸਕਦਾ, ਸਭ ਕੁਝ ਦੇਣ ਵਾਲਾ ਹਰਿ ਆਪ ਹੈ।

**ਮੈਂ ਕੀਆ ਮੈਂ ਕਰਤ ਹੂੰ, ਕੂੜਾ ਕਰਹਿ ਮਾਣ ॥**
**ਹਰਿ ਕਾ ਦੀਆ ਸੋ ਗੁਰ ਦੀਆ, ਤੈਂ ਕੀ ਦੀਆ ਆਨ ॥**

ਜੀਵ ਹੰਕਾਰ ਕਰਦਾ ਹੋਇਆ ਕਹਿੰਦਾ ਹੈ ਕਿ ਮੈਂ ਇਹ ਕੀਤਾ ਅਤੇ ਕਰਦਾ ਹਾਂ ਜੋ ਹਰਿ ਨੇ ਬਖ਼ਸ਼ਿਸ਼ ਕੀਤਾ ਹੈ ਉਹ ਹੀ ਗੁਰੂ ਨੇ ਬਖ਼ਸ਼ਿਸ਼ ਕੀਤਾ ਹੈ। ਹੇ ਜੀਵ ਤੂੰ ਪ੍ਰਭੂ ਨੂੰ ਕੀ ਦੇ ਸਕਦਾ ਹੈ?

**ਤੇਰਾ ਇੱਕ ਹੰਕਾਰ ਹੈ, ਅਰਪਣ ਤਿਸ ਕੋ ਮਾਨ ॥**
**ਨਵ ਪ੍ਰਕਾਰ ਦੀ ਭਗਤ ਇਹ, ਸਤਿ ਗੁਰਦੇਵ ਬਿਖਾਨ ॥**

ਜੀਵ ਤੇਰੇ ਵਿਚ ਇਕ ਹੰਕਾਰ ਹੈ, ਤੂੰ ਪ੍ਰਭੂ ਨੂੰ ਕੀ ਅਰਪਣ ਕਰ ਸਕਦਾ ਹੈ? ਭਾਵ ਕੁਝ ਨਹੀਂ ਅਰਪਣ ਕਰ ਸਕਦਾ। ਨੌਂ ਪ੍ਰਕਾਰ ਦੀ ਭਗਤੀ ਇਹ ਹੈ ਜੋ ਗੁਰੂਦੇਵ ਨੇ ਬਿਆਨ ਕੀਤੀ ਹੈ।

**ਜਨ ਰਵਿਦਾਸ ਕਰੇ ਭਗਤ ਜੋ, ਸ਼ੁੱਧ ਭਯੋ ਤਿਸ ਮਾਨ ॥**

ਜਗਤਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਜੋ ਜੀਵ ਪ੍ਰਭੂ ਦੀ ਭਗਤੀ ਕਰਦਾ ਹੈ ਉਹ ਜੀਵ ਪਵਿੱਤਰ ਅਤੇ ਮਹਾਨ ਹੈ।

* * *

### "ਪੋਹ"

**ਮੱਘਰ ਪੂਰਾ ਭਇਆ ਜਬ, ਤਬ ਚੜ੍ਹਿਆ ਪੋਹ ਮਾਸ ॥**
**ਸੋਹੰ ਨਾਮ ਤੂੰ ਸਿਮਰ ਨਿੱਤ, ਜਗ ਤੇ ਹੋਏ ਉਦਾਸ ॥**

ਜਦੋਂ ਮੱਘਰ ਮਹੀਨਾ ਪੂਰਾ ਹੋ ਗਿਆ ਤਾਂ ਪੋਹ ਦਾ ਮਹੀਨਾ ਚੜ੍ਹਿਆ, ਹਰ ਰੋਜ਼ ਸੋਹੰ ਸ਼ਬਦ ਦਾ ਸਿਮਰਨ ਕਰਨ ਨਾਲ ਜੀਵ ਸੰਸਾਰ ਤੋਂ ਉਪਰਾਮ ਹੋ ਜਾਂਦਾ ਹੈ।

**ਅਵਰ ਕਾਮਨਾ ਸਰਬ ਤੱਜ, ਸਤਿਗੁਰੂ ਕੀ ਕਰ ਆਸ ॥**
**ਸਤਿਗੁਰ ਸ਼ਰਨੀ ਲੱਗਿਆਂ, ਪਾਪ ਹੋਤ ਸਭ ਨਾਸ ॥**

ਹੋਰ ਸਾਰੀਆਂ ਕਾਮਨਾਵਾਂ ਛੱਡ ਕੇ ਕੇਵਲ ਸਤਿਗੁਰੂ ਦੀ ਆਸ ਕਰ ਸਤਿਗੁਰੂ ਦੀ ਸ਼ਰਨ ਵਿਚ ਜਾਣ ਨਾਲ ਸਾਰੇ ਪਾਪਾਂ ਦਾ ਨਾਸ਼ ਹੋ ਜਾਂਦਾ ਹੈ।

**ਸਰਵਣ ਕਰਤ ਗੁਰਾਂ ਤੇ, ਸਾਧਨ ਗਿਆਨ ਬਿਲਾਸ ॥**
**ਵਚਨ ਧਾਰ ਗੁਰਦੇਵ ਉਰ, ਸਭ ਸੰਸੇ ਹੋਵਨ ਨਾਸ ॥**

ਗੁਰੂ ਪਾਸੋਂ ਬਚਨ ਸਰਵਣ ਕਰਕੇ ਜੀਵ ਨੂੰ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਗੁਰੂਦੇਵ ਦੇ ਵਚਨਾਂ ਨੂੰ ਹਿਰਦੇ ਵਿਚ ਧਾਰਨ ਕਰਨ ਨਾਲ ਸਭ ਭਰਮਾਂ ਦਾ ਨਾਸ਼ ਹੁੰਦਾ ਹੈ।

**ਸਤਿਨਾਮ ਉਪਦੇਸ਼ ਗੁਰ, ਕਰ ਤੂੰ ਦ੍ਰਿੜ ਅਭਿਆਸ ॥**
**ਵਚਨ ਗੁਰੂ ਪਰਕਾਸ਼ ਕਰ, ਹੋਤ ਭਰਮ ਸਭ ਨਾਸ ॥**

ਗੁਰੂ ਪਾਸੋਂ ਸਤਿਨਾਮ ਦਾ ਉਪਦੇਸ਼ ਸਰਵਣ ਕਰਕੇ ਦ੍ਰਿੜ ਨਿਸ਼ਚੇ ਨਾਲ ਉਸਦਾ ਅਭਿਆਸ ਕਰ। ਗੁਰੂ ਦੇ ਵਚਨਾਂ ਤੇ ਚੱਲਣ ਨਾਲ ਪ੍ਰਭੂ ਗਿਆਨ ਦਾ ਪ੍ਰਕਾਸ਼ ਹੋਣ ਕਾਰਨ ਸਭ ਭਰਮਾਂ ਦਾ ਨਾਸ਼ ਹੋ ਜਾਂਦਾ ਹੈ।

**ਸਰਵਣ ਇਸ ਕਾ ਨਾਮ ਹੈ, ਸੁਣ ਸਤਿਨਾਮ ਵਿਚਾਰ ॥**
**ਸਤਿ ਸਰੂਪ ਪਰਮਾਤਮਾ, ਮਿਥਿਆ ਜਗਤ ਆਸਾਰ ॥**

ਹੇ ਜੀਵ! ਤੂੰ ਪ੍ਰਭੂ ਦੇ ਸਤਿਨਾਮ ਨੂੰ ਸਰਵਣ ਕਰਕੇ ਉਸਦੀ ਵਿਚਾਰ ਕਰ ਜਿਸ ਨਾਲ ਤੈਨੂੰ ਪ੍ਰਭੂ ਸਤਿ ਸਰੂਪ ਅਨੁਭਵ ਹੋਵੇਗਾ ਅਤੇ ਸੰਸਾਰ ਪਸਾਰਾ ਮਿੱਥਿਆ ਭਾਵ ਝੂਠਾ ਪ੍ਰਤੀਤ ਹੋਵੇਗਾ।

**ਤਿਸ ਪ੍ਰਭ ਕੋ ਤੂੰ ਸਿਮਰ ਮਨ, ਜੋ ਹੈ ਸਰਬ ਆਧਾਰ ॥**
**ਸਤਿਗੁਰ ਸ਼ਰਨੀ ਲਗ ਕਰ, ਸਮਝੋ ਸਾਰ ਆਸਾਰ ॥**

ਹੇ ਜੀਵ! ਤੂੰ ਪ੍ਰਭੂ ਦਾ ਸਿਮਰਨ ਕਰ ਜੋ ਸਾਰੇ ਸੰਸਾਰ ਦਾ

ਆਧਾਰ ਹੈ, ਸਤਿਗੁਰੂ ਦੀ ਸ਼ਰਨ ਵਿਚ ਜਾ ਕੇ ਲੋਕ ਪ੍ਰਲੋਕ ਨੂੰ ਸਮਝ।

**ਪ੍ਰਭ ਬਿੰਨ ਅਵਰ ਨਾ ਜਾਣ ਕਛਹੂ, ਸਭ ਇੱਕ ਬ੍ਰਹਮ ਪਸਾਰ ॥**
**ਅਸਥਾਵਰ ਜੰਗਮ ਆਦਿ ਸਭ, ਜੀਆ, ਜੰਤ ਨਿਰਧਾਰ ॥**

ਪ੍ਰਭੂ ਤੋਂ ਬਿਨਾਂ ਸੰਸਾਰ ਵਿਚ ਹੋਰ ਕੁਝ ਸਤਿ ਨਹੀਂ ਹੈ ਸਭ ਪਾਸੇ ਉਸ ਪ੍ਰਭੂ ਦਾ ਹੀ ਪਸਾਰਾ ਹੈ। ਪਰਬਤ, ਬਿਰਖ, ਅਤੇ ਸਾਰੇ ਜੀਵ ਪ੍ਰਭੂ ਦੇ ਹੁਕਮ ਵਿਚ ਹਨ।

**ਜਨ ਰਵਿਦਾਸ ਪੋਹ ਬੀਤਿਆ, ਅਬ ਸੁਣ ਮਾਘ ਵਿਚਾਰ ॥**
**ਜਨ ਗੁਰਦੇਵ ਹਰਿ ਭੇਟਿਆ, ਭਵਜਲ ਉਤਰੇ ਪਾਰ ॥**

ਜਗਤਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਜਦੋਂ ਪੋਹ ਦਾ ਮਹੀਨਾ ਬੀਤ ਜਾਂਦਾ ਹੈ, ਫਿਰ ਮਾਘ ਦੇ ਮਹੀਨੇ ਦੀ ਵਿਚਾਰ ਕਰਨੀ ਚਾਹੀਦੀ ਹੈ। ਜਿਸ ਜੀਵ ਦਾ ਗੁਰਦੇਵ ਨਾਲ ਮਿਲਾਪ ਹੋ ਜਾਂਦਾ ਹੈ। ਉਹ ਸੰਸਾਰ ਦੇ ਭਵ-ਸਾਗਰ ਤੋਂ ਪਾਰ ਹੋ ਜਾਂਦਾ ਹੈ।

* * *

## "ਮਾਘ"

**ਮਾਘ ਮਹੀਨਾ ਧਰਮ ਕਾ, ਦ੍ਰਿੜ ਕਰ ਤੂੰ ਸਤਿਸੰਗ ॥**
**ਸੰਤਾਂ ਸੰਗ ਪ੍ਰੀਤ ਕਰ, ਕਦੀ ਨਾ ਹੋਵੇ ਭੰਗ ॥**

ਮਾਘ ਮਹੀਨਾ ਧਰਮ 'ਤੇ ਚੱਲਣ ਦਾ ਹੈ, ਇਸ ਲਈ ਜੀਵ ਨੂੰ ਸਤਿਸੰਗ ਕਰਨਾ ਚਾਹੀਦੀ ਹੈ ਅਤੇ ਸੰਤਾਂ ਨਾਲ ਪ੍ਰੀਤੀ ਕਰਨੀ ਚਾਹੀਦੀ ਹੈ, ਜੋ ਪ੍ਰੀਤੀ ਕਦੇ ਵੀ ਨਹੀਂ ਟੁੱਟਦੀ।

**ਧੂੜ ਸੰਤ ਕੇ ਚਰਨ ਕੀ, ਸੋਈ ਸ੍ਰੇਸ਼ਟ ਹੈ ਗੰਗ ॥**
**ਪਾਪਾਂ ਕੀ ਮੱਲ ਉਤਰੇ, ਚੜ੍ਹੇ ਨਾਮ ਕਾ ਰੰਗ ॥**

ਸੰਤਾਂ ਦੇ ਚਰਨ ਕਮਲਾਂ ਦੀ ਧੂੜੀ ਗੰਗਾ ਨਾਲੋਂ ਵੀ ਸ਼੍ਰੇਸ਼ਠ ਹੈ, ਜਿਸਦੇ ਨਾਲ ਪਾਪਾਂ ਦੀ ਮੈਲ ਉੱਤਰ ਜਾਂਦੀ ਹੈ ਅਤੇ ਨਾਮ ਦਾ ਸਦੀਵੀ ਰੰਗ ਚੜ੍ਹ ਜਾਂਦਾ ਹੈ।

**ਮਨਮੁਖ ਸੰਗ ਨਾ ਕੀਜੀਏ, ਪੜਤ ਭਜਨ ਮੇਂ ਭੰਗ।**

**ਦੁੱਖ ਬਿਨਸੇ ਸੁੱਖ ਲਾਭ ਹੋਵੇ, ਗੁਰਮੁਖ ਜਿਨ ਕੇ ਸੰਗ॥**

ਮਨਮੁਖਾਂ ਦੀ ਸੰਗਤ ਕਰਨ ਨਾਲ ਭਜਨ ਵਿਚ ਵਿਘਨ ਪੈਂਦਾ ਹੈ। ਇਸ ਲਈ ਮਨਮੁੱਖਾਂ ਦੀ ਸੰਗਤ ਕਦੇ ਵੀ ਨਹੀਂ ਕਰਨੀ ਚਾਹੀਦੀ, ਗੁਰਮੁਖਾਂ ਦੀ ਸੰਗਤ ਕਰਨ ਨਾਲ ਦੁੱਖ ਦੂਰ ਹੋ ਜਾਂਦੇ ਹਨ ਅਤੇ ਸੁੱਖਾਂ ਦੀ ਪ੍ਰਾਪਤੀ ਹੁੰਦੀ ਹੈ।

**ਨਾਮ ਜਪੋ ਮਿਲ ਗੁਰਮੁਖਾਂ, ਜੋ ਹੈ ਸਦਾ ਆਸੰਗ॥**

**ਤੂੰ ਵੀ ਪ੍ਰਭ ਤੇ ਭਿੰਨ ਨਹੀਂ, ਜਿਉਂ ਜਲ ਮਾਂਹਿ ਤਾਰੰਗ॥**

ਗੁਰਮੁਖਾਂ ਨਾਲ ਮਿਲਕੇ ਨਾਮ ਜੱਪਣ ਨਾਲ ਪ੍ਰਭੂ ਹਮੇਸ਼ਾਂ ਅੰਗ ਸੰਗ ਹੁੰਦਾ ਹੈ। ਜੀਵ ਤੂੰ ਪ੍ਰਭੂ ਤੋਂ ਅਲੱਗ ਨਹੀਂ ਹੈ। ਜਿਵੇਂ ਤਰੰਗ ਪਾਣੀ ਤੋਂ ਅਲੱਗ ਨਹੀਂ ਹੈ।

**ਸੋਹੰ ਨਾਮ ਰਗ ਰਗ ਰਚੇ, ਨਾਮ ਕਾ ਚੜੇ ਜਬ ਰੰਗਿ॥**

**ਪੰਚੋ ਵੈਰੀ ਤਿਆਗ ਕਰ, ਤਬ ਹੋਏ ਨਿਸੰਗ॥**

ਸੋਹੰ ਨਾਮ ਦਾ ਸਿਮਰਨ ਕਰਨ ਨਾਲ ਪ੍ਰਭੂ ਜੀਵ ਨੂੰ ਆਪਣੇ ਅੰਦਰ ਸਮਾਇਆ ਅਨੁਭਵ ਹੁੰਦਾ ਹੈ ਫਿਰ ਨਾਮ ਦਾ ਰੰਗ ਚੜ੍ਹ ਜਾਂਦਾ ਹੈ ਅਤੇ ਪੰਜਾਂ ਵਿਕਾਰਾਂ ਰੂਪੀ ਵੈਰੀਆਂ ਦਾ ਤਿਆਗ ਕਰਕੇ ਜੀਵ ਨੂੰ ਪ੍ਰਭੂ ਦਾ ਰੰਗ ਚੜ੍ਹ ਜਾਂਦਾ ਹੈ।

**ਗੁਰੂ ਪ੍ਰੇਮੀ ਗੁਰ ਕੀ ਸ਼ਰਨ ਗਹਿ, ਕਰਤ ਖ਼ੂਬ ਵਿਚਾਰ॥**

**ਗੁਰੂਦੇਵ ਕੇ ਪ੍ਰਤਾਪ ਬਿਨ, ਸਮਝੇ ਨਾ ਸਾਰ ਅਸਾਰ॥**

ਗੁਰੂ ਪ੍ਰੇਮੀ ਗੁਰੂ ਦੀ ਸ਼ਰਨ ਵਿਚ ਜਾ ਕੇ ਪ੍ਰਭੂ ਗਿਆਨ ਦੀਆਂ ਵਿਚਾਰਾਂ ਕਰਦੇ ਹਨ। ਗੁਰਦੇਵ ਦੇ ਪ੍ਰਤਾਪ ਤੋਂ ਬਿਨਾਂ ਜੀਵ ਲੋਕ ਪ੍ਰਲੋਕ ਨੂੰ ਨਹੀਂ ਸਮਝ ਸਕਦਾ।

**ਕਰਕੇ ਦ੍ਰਿੜ ਉਪਦੇਸ਼ ਗੁਰ, ਭਵਨਿਧਿ ਉਤਰੇ ਪਾਰ॥**

**ਮੰਦ ਭਾਗ ਬਿਨ ਸਤਿਗੁਰਾਂ, ਡੁੱਬਣ ਭਵ ਨਿਧ ਧਾਰ॥**

ਗੁਰੂ ਦੇ ਉਪਦੇਸ਼ 'ਤੇ ਨਿਸ਼ਚੇ ਕਰਕੇ ਚੱਲਣ ਨਾਲ ਜੀਵ ਭਵਸਾਗਰ ਤੋਂ ਪਾਰ ਉਤਰਦਾ ਹੈ, ਸਤਿਗੁਰੂ ਦੀ ਸੰਗਤ ਤੋਂ ਬਿਨਾਂ ਜੀਵ ਦੇ ਭਾਗ ਘਟੀਆ ਹਨ ਅਤੇ ਉਹ ਭਵਸਾਗਰ ਤਰ ਨਹੀਂ ਸਕਦਾ ਭਾਵ ਹਰਿ ਦੀ ਪ੍ਰਾਪਤੀ ਨਹੀਂ ਹੋ ਸਕਦੀ।

**ਸਤਿਗੁਰ ਕੇ ਪ੍ਰਸਾਦਿ ਹਮ, ਜਾਨਿਆ ਆਤਮ ਰਾਮ ॥**
**ਜਾਨਣ ਜੋਗ ਸੁ ਜਾਨਿਆ, ਜੋ ਆਤਮ ਨਿਜ ਧਾਮ ॥**

ਸਤਿਗੁਰਾਂ ਦੀ ਕਿਰਪਾ ਨਾਲ ਮੈਂ ਆਪਣੇ ਅੰਦਰ ਪ੍ਰਭੂ ਨੂੰ ਜਾਨਿਆ ਹੈ। ਉਸ ਪ੍ਰਭੂ ਨੂੰ ਆਪਣੇ ਅੰਦਰ ਜਾਣ ਕੇ ਉਸਦੇ ਨਿੱਜਘਰ ਨੂੰ ਜਾਣ ਲਿਆ ਹੈ।

**ਮਿਟਿਆ ਗੁਮਾਨ ਗੁਰ ਦਯਾ ਤੇ, ਪਾਇਆ ਅਬ ਵਿਸਰਾਮ ॥**
**ਪੁੰਨੇ ਸਗਲ ਮਨੋਰਥਾਂ, ਰਹਿਓ ਨਾ ਬਾਕੀ ਕਾਮ ॥**

ਗੁਰੂ ਦੀ ਕਿਰਪਾ ਨਾਲ ਨਾਮ ਵਿਚ ਵਿਰਤੀ ਲਾਉਣ ਨਾਲ ਹੰਕਾਰ ਦਾ ਨਾਸ਼ ਹੋ ਜਾਂਦਾ ਹੈ ਅਤੇ ਸਦੀਵੀ ਸੁਖ ਪ੍ਰਾਪਤ ਹੁੰਦਾ ਹੈ। ਸਾਰੇ ਮਨੋਰਥ ਪੂਰੇ ਹੋ ਜਾਂਦੇ ਹਨ। ਹੋਰ ਕੋਈ ਇੱਛਾ ਨਹੀਂ ਰਹਿੰਦੀ।

**ਅਨੇਕ ਜਨਮ ਦੁੱਖ ਪਾਇ ਕਰ, ਆਏ ਗੁਰ ਕੀ ਸਾਮ ॥**
**ਜਿਹੜੇ ਬਿਛੜੇ ਤਿਹ ਮਿਲੇ, ਭਏ ਅਭ ਆਤਮ ਰਾਮ ॥**

ਅਨੇਕ ਜਨਮਾਂ ਵਿਚ ਦੁਖ ਭੋਗਣ ਤੋਂ ਬਾਅਦ ਜੀਵ ਗੁਰੂ ਦੀ ਸ਼ਰਨ ਵਿਚ ਆਇਆ ਹੈ। ਜਿਸ ਹਰਿ ਤੋਂ ਜੀਵ ਵਿਛੜਿਆ ਸੀ ਉਸ ਨਾਲ ਮੇਲ ਹੋ ਜਾਂਦਾ ਹੈ।

**ਸਤਿਗੁਰ ਕੇ ਭਜਨ ਬਿਨ, ਨਹੀਂ ਅਵਰ ਕੁਛ ਕਾਮ ॥**
**ਇਕੋ ਸੋਹੰ ਸਤਿਨਾਮ ਜੀਓ, ਸਿਮਰੋ ਆਠੋ ਜਾਮ ॥**

ਸਤਿਗੁਰੂ ਦੇ ਭਜਨ ਤੋਂ ਬਿਨਾਂ ਹੋਰ ਕੋਈ ਕੰਮ ਕਿਸੇ ਅਰਥ ਨਹੀਂ ਹੈ। ਇਕ ਪ੍ਰਭੂ ਦੇ ਸੋਹੰ ਸਤਿਨਾਮ ਨੂੰ ਅੱਠੇ ਪਹਿਰ ਭਾਵ ਹਰ ਸਮੇਂ ਸਿਮਰਨਾ ਚਾਹੀਦਾ ਹੈ।

**ਸਰਵਣ ਕਰ ਗੁਰ ਵਚਨ ਕੋ, ਨਿਸਚੇ ਕਰ ਉਪਦੇਸ਼॥**
**ਨਿਸਵਾਸਰ ਅਭਿਆਸ ਕਰ, ਤੱਜ ਕਰ ਸਗਲ ਕਲੇਸ਼॥**

ਗੁਰੂ ਦੇ ਉਪਦੇਸ਼ ਅਤੇ ਬਚਨਾਂ ਨੂੰ ਸਰਵਣ ਕਰਕੇ ਉਸ 'ਤੇ ਚੱਲਕੇ ਨਿਤਾ ਪ੍ਰਤੀ ਨਾਮ ਦਾ ਅਭਿਆਸ ਕਰਨ ਨਾਲ ਸਾਰੇ ਕਲੇਸ਼ ਖ਼ਤਮ ਹੋ ਜਾਂਦੇ ਹਨ।

**ਬੁਦਬੁਦਾ ਫੇਨ ਤਰੰਗ ਕਾ, ਜਲ ਤੇ ਭਿੰਨ ਨਾ ਲੇਸ॥**
**ਸਭ ਭੂਖਣ ਜਿੰਨ ਕਨਕ ਕੇ, ਕੰਚਨ ਬਿਨ ਨਾ ਸ਼ੇਸ਼॥**

ਜਿਵੇਂ ਪਾਨੀ ਦਾ ਬੁਲਬੁਲਾ ਪਾਨੀ ਤੋਂ ਅਲੱਗ ਨਹੀਂ ਹੈ, ਪਾਨੀ ਹੀ ਹੁੰਦਾ ਹੈ। ਸੋਨੇ ਦੇ ਗਹਿਣੇ ਸੋਨੇ ਤੋਂ ਅਲੱਗ ਨਹੀਂ ਹੁੰਦੇ।

**ਘਟਿ ਮਿਟ ਮਾਟੀ ਰੂਪ ਸਭ, ਔਰ ਨਾ ਕਛਹੂ ਵਿਸ਼ੇਸ਼॥**
**ਅਨਿਕ ਭਾਂਤਿ ਪਟ ਜੋ ਭਏ, ਸੂਤਰ ਤਿਸ ਕਾ ਵੇਸ॥**

ਪੰਜਾਂ ਤੱਤਾਂ ਤੋਂ ਸਾਰੇ ਸਰੀਰ ਪ੍ਰਭੂ ਨੇ ਇਕ ਸਮਾਨ ਬਣਾਏ ਹਨ, ਕਿਸੇ ਵਿਚ ਕੋਈ ਹੋਰ ਵਿਸ਼ੇਸ਼ ਤੱਤ ਨਹੀਂ ਹੈ, ਇਸੇ ਪ੍ਰਕਾਰ ਮਿੱਟੀ ਤੋਂ ਅਨੇਕਾਂ ਭਾਂਡੇ ਅਤੇ ਇਕੋ ਸੂਤ ਤੋਂ ਅਨੇਕਾਂ ਪ੍ਰਕਾਰ ਦੇ ਕੱਪੜੇ ਬੁਣੇ ਜਾਂਦੇ ਹਨ। ਇਸੇ ਤਰ੍ਹਾਂ ਹੀ ਪ੍ਰਭੂ ਸਾਰੇ ਜੀਵਾਂ ਵਿਚ ਇਕ ਸਮਾਨ ਹੈ।

**ਰਵਿਦਾਸ ਗੁਰੂ ਚਰਨ ਕੇ, ਕਰਹੂੰ ਸਦਾ ਆਦੇਸ਼॥**

ਜਗਤਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਜੀਵ ਨੂੰ ਹਮੇਸ਼ਾਂ ਗੁਰੂ ਦੇ ਚਰਨਾਂ ਨੂੰ ਨਮਸਕਾਰ ਕਰਨੀ ਚਾਹੀਦੀ ਹੈ।

* * *

## "ਫੱਗਣ"

**ਚੜਿਆ ਫਾਗਣ ਮਾਸ ਜਬ, ਫੂਲੀ ਸਭ ਗੁਲਜਾਰ॥**
**ਧਰਤੀ ਸਭ ਹਰਿਆਵਲੀ, ਸੁੰਦਰ ਬਾਗ ਬਹਾਰ॥**

ਫੱਗਣ ਮਹੀਨਾ ਚੜ੍ਹਨ ਨਾਲ ਸਭ ਪਾਸੇ ਗੁਲਜਾਰ ਲੱਗ ਜਾਂਦੀ ਹੈ, ਸਾਰੀ ਧਰਤੀ ਹਰਿਆਵਲੀ ਹੋਣ ਨਾਲ ਬਾਗ ਬਹਾਰ ਸੁੰਦਰ ਬਣ

ਗਏ। ਮਨੁੱਖ ਜਨਮ ਵਿੱਚ ਪ੍ਰਭੂ ਦਾ ਪ੍ਰਕਾਸ਼ ਹੋਰ ਨਾਲ ਹਰ ਪਾਸੇ ਗੁਲਜਾਰ ਅਨੁਭਵ ਹੁੰਦੀ ਹੈ।

**ਬੁਲਬੁਲ ਮਸਤ ਬਹਾਰ ਪਰ, ਭੰਵਰਾ ਭਈ ਗੁਲਜਾਰ ॥**
**ਨਿਵਣ ਫੱਲ ਬਹੁ ਬਾਗ ਮੇਂ, ਗਲਗਲ, ਆਮ, ਆਨਾਰ ॥**

ਬੁਲਬੁਲ ਬਹਾਰਾਂ 'ਤੇ ਮਸਤ ਹੋ ਗਈ। ਹਰ ਪਾਸੇ ਭੰਵਰੇ ਫੁੱਲਾਂ 'ਤੇ ਗੁਲਜਾਰ ਦਾ ਅਨੁਭਵ ਕਰਦੇ ਹਨ। ਬਾਗਾਂ ਵਿਚ ਗਲਗਲ, ਅੰਬ, ਅਨਾਰ ਦੇ ਫ਼ਲ ਲੱਗ ਗਏ। ਇਸੇ ਪ੍ਰਕਾਰ ਗਿਆਨ ਦੇ ਪ੍ਰਕਾਸ਼ ਨਾਲ ਜੀਵ ਅਨੰਦਤ ਹੋ ਜਾਂਦਾ ਹੈ।

**ਗੁਰਮੁਖ ਗੁਰ ਕੀ ਸ਼ਰਨ ਗਹਿ, ਕਰਤੇ ਖੂਬ ਵਿਚਾਰ ॥**
**ਸਤਿਗੁਰ ਕੇ ਪਰਤਾਪ ਕਰ, ਸਮਝੇ ਸਾਰ ਆਸਾਰ ॥**

ਗੁਰਮੁੱਖ ਗੁਰੂ ਦੀ ਸ਼ਰਨ ਵਿਚ ਬੈਠ ਕੇ ਪ੍ਰਭੂ ਦੇ ਨਾਮ ਦੀ ਵਿਚਾਰ ਕਰਦੇ ਹਨ। ਸਤਿਗੁਰਾਂ ਦੇ ਪ੍ਰਤਾਪ ਨਾਲ ਗਿਆਨ ਅਤੇ ਲੋਕ ਪ੍ਰਲੋਕ ਦੀ ਸਮਝ ਗ੍ਰਹਿਣ ਕਰਦੇ ਹਨ।

**ਕਰ ਕੇ ਦ੍ਰਿੜ ਉਪਦੇਸ਼ ਗੁਰ, ਭਵ ਨਿਧ ਉੱਤਰੇ ਪਾਰ ॥**
**ਮੰਦ ਭਾਗ ਬਿਨ ਸਤਿਗੁਰਾਂ, ਡੁੱਬਣ ਭਵ ਨਿਧ ਧਾਰ ॥**

ਗੁਰੂ ਦੇ ਉਪਦੇਸ਼ ਤੇ ਨਿਸ਼ਚੇ ਕਰਕੇ ਚੱਲਣ ਨਾਲ ਜੀਵ ਭਵਸਾਗਰ ਨੂੰ ਪਾਰ ਕਰ ਜਾਂਦਾ ਹੈ। ਮਾੜੇ ਭਾਗਾਂ ਵਾਲੇ ਜੀਵ ਸਤਿਗੁਰਾਂ ਤੋਂ ਬਿਨਾਂ ਸੰਸਾਰ ਦੇ ਭਵਸਾਗਰ ਵਿਚ ਡੁੱਬ ਜਾਂਦੇ ਹਨ।

**ਸਤਿਗੁਰ ਕੇ ਪ੍ਰਸਾਦਿ ਹਮ, ਜਾਨਿਆ ਆਤਮ ਰਾਮ ॥**
**ਜਾਨਣ ਯੋਗ ਸੋ ਜਾਨਿਆ, ਜੋ ਆਤਮ ਨਿੱਜ ਧਾਮ ॥**

ਸਤਿਗੁਰਾਂ ਦੀ ਕਿਰਪਾ ਨਾਲ ਮੈਂ ਜਾਨਣ ਯੋਗ, ਸਰਵ ਵਿਆਪਕ ਰਾਮ ਨੂੰ ਜਾਣਕੇ ਆਪਣੇ ਅੰਦਰ ਹੀ ਨਿਜਧਾਮ ਨੂੰ ਪ੍ਰਾਪਤ ਕਰ ਲਿਆ।

**ਮਿਟਿਆ ਗਮਨ ਗੁਰ ਦਯਾ ਤੇ, ਪਾਇਆ ਅਬ ਬਿਸਰਾਮ ॥**

**ਅਨੇਕ ਜਨਮ ਦੁੱਖ ਪਾਇ ਕਰ, ਆਏ ਗੁਰ ਕੀ ਸ਼ਾਮ ॥**

ਗੁਰੂ ਦੀ ਕਿਰਪਾ ਨਾਲ ਨਾਮ ਵਿਚ ਵਿਸਰਾਮ ਪਾਉਣ ਨਾਲ ਜਨਮ ਮਰਨ ਦਾ ਚੱਕਰ ਸਮਾਪਤ ਹੋ ਗਿਆ। ਅਨੇਕਾਂ ਜਨਮਾਂ ਵਿਚ ਦੁੱਖ ਪ੍ਰਾਪਤ ਕਰਨ ਤੋਂ ਬਾਅਦ ਜੀਵ ਮਨੁੱਖ ਜਨਮ ਵਿਚ ਗੁਰੂ ਦੀ ਸ਼ਰਨ ਵਿਚ ਆ ਕੇ ਸੁੱਖ ਪ੍ਰਾਪਤ ਕਰਦਾ ਹੈ।

**ਜਿਹੜੇ ਵਿੱਛੜੇ ਤਿਹ ਮਿਲੋ, ਭਏ ਸੋ ਆਤਮ ਰਾਮ ॥**

**ਜਨ ਰਵਿਦਾਸ ਗੁਰ ਭਜਨ ਬਿੰਨ, ਨਹੀਂ ਅਵਰ ਕਛਹੁ ਕਾਮ ॥**

ਜਿਸ ਪ੍ਰਭੂ ਤੋਂ ਜੀਵ ਵਿਛੜਿਆ ਸੀ, ਉਸ ਦੀ ਪ੍ਰਾਪਤੀ ਹੋ ਜਾਂਦੀ ਹੈ। ਜਗਤਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਜੀਵ ਨੂੰ ਗੁਰੂ ਦੇ ਉਪਦੇਸ਼ 'ਤੇ ਚੱਲਕੇ ਭਜਨ ਕਰਨਾ ਚਾਹੀਦਾ ਹੈ ਅਤੇ ਹੋਰ ਸਾਰੇ ਕੰਮਾਂ ਨੂੰ ਤਿਆਗ ਦੇਣਾ ਚਾਹੀਦਾ ਹੈ।

**ਗੁਰੂ ਚਰਨੋਂ ਕਾ ਧਿਆਨ ਕਰ, ਸੁਣ ਬਾਰਾਂ ਮਾਸਕ ਉਪਦੇਸ਼ ॥**

**ਪੜੇ ਸੁਣੇ ਜੋ ਪ੍ਰੇਮ ਕਰ, ਹੋਵੇ ਕਲਿਆਣ ਹਮੇਸ਼ ॥**

ਗੁਰੂ ਚਰਨਾਂ ਵੱਲ ਧਿਆਨ ਕਰਕੇ ਜੀਵ ਨੂੰ ਬਾਰ੍ਹਾਂ ਮਹੀਨਿਆਂ ਦਾ ਉਪਦੇਸ਼ ਸੁਨਣਾ ਚਾਹੀਦਾ ਹੈ। ਜੋ ਜੀਵ ਬਾਰ੍ਹਾਂ ਮਹੀਨਿਆਂ ਦੇ ਮਹਾਤਮ ਨੂੰ ਪ੍ਰੇਮ ਨਾਲ ਪੜ੍ਹੇਗਾ ਸੁਣੇਗਾ, ਉਸ ਜੀਵ ਦਾ ਹਮੇਸ਼ਾਂ ਕਲਿਆਣ ਹੋਵੇਗਾ।

**"ਦੋਹਰਾ"**

**ਧਰਤ ਅਕਾਸ਼ ਕੋ ਥਾਪਿਆ, ਰੈਨ ਦਿਵਸ ਨਿੱਤ ਪਾਲ ॥**

**ਸਰਵ ਜੀਵ ਕੇ ਕਰਮ ਜੋ, ਸਾਹਿਬ ਕਰੇ ਖਿਆਲ ॥**

ਪ੍ਰਭੂ ਨੇ ਧਰਤੀ ਅਤੇ ਆਕਾਸ਼ ਨੂੰ ਸਥਾਪਿਤ ਕੀਤਾ ਹੈ ਅਤੇ ਦਿਨ ਅਤੇ ਰਾਤ ਸਾਰੇ ਸੰਸਾਰ ਦੀ ਪਾਲਣਾ ਕਰਦਾ ਹੈ। ਪ੍ਰਭੂ ਸਭ ਜੀਵਾਂ ਦੇ ਕਰਮਾਂ ਦਾ ਖਿਆਲ ਕਰਦਾ ਹੈ ਅਤੇ ਕ੍ਰਿਪਾ ਕਰਕੇ ਪਾਲਣਾ ਕਰਦਾ ਹੈ।

**ਆਪ ਅਪਨਾ ਸਭ ਪਾਵਤੇ, ਕਿਰਤ ਧੁਰ ਪਰਵਾਨ ॥**

**ਪਵਨ ਪਾਨੀ ਸਵੰਤਰ ਕੇ, ਰਖਸ਼ਕ ਭਯ ਭਗਵਾਨ ॥**

ਆਪਣੇ ਕੀਤੇ ਕਰਮਾਂ ਅਨੁਸਾਰ ਸਾਰੇ ਜੀਵ ਫਲ ਪਾਉਂਦੇ ਹਨ। ਜੀਵਾਂ ਦੀ ਕਿਰਤ ਕਮਾਈ ਪ੍ਰਭੂ ਦਰਬਾਰ ਪ੍ਰਵਾਨ ਹੁੰਦੀ ਹੈ। ਹਵਾ, ਪਾਣੀ ਅਤੇ ਅੱਗ ਵਿਚ ਭਾਵ ਹਰ ਪਾਸੇ ਪ੍ਰਭੂ ਜੀਵ ਦੀ ਰੱਖਿਆ ਕਰਦਾ ਹੈ।

**ਰਵਿਦਾਸ ਕਹੇ ਭਜ ਨਾਮ ਕੋ, ਨਿਰਭੈ ਪਾਵੈ ਵਾਸ ॥**

**ਤੇਰਾ ਫਲ ਤੁਝ ਕੋ ਮਿਲੇ, ਹੋਵੇ ਬੰਦ ਖਲਾਸ ॥**

ਜਗਤਗੁਰੂ ਰਵਿਦਾਸ ਮਹਾਰਾਜ ਜੀ ਫਰਮਾਉਂਦੇ ਹਨ ਕਿ ਹੇ ਜੀਵ! ਤੂੰ ਪ੍ਰਭੂ ਸਿਮਰਨ ਕਰਕੇ ਨਿਰਭੈ ਪਦ ਨੂੰ ਪ੍ਰਾਪਤ ਕਰਦਾ ਹੈ। ਜੀਵ ਤੇਰੇ ਕੀਤੇ ਹੋਏ ਕਰਮਾਂ ਦਾ ਫਲ ਤੈਨੂੰ ਮਿਲੇਗਾ। ਤੂੰ ਪ੍ਰਭੂ ਦਾ ਸਿਮਰਨ ਕਰਕੇ ਸਭ ਬੰਧਨਾਂ ਤੋਂ ਮੁਕਤ ਹੋ ਜਾਵੇਗਾ।

* * *

## "ਸਾਂਦ ਬਾਣੀ"

**ਸੋਹੰ ਸਾਂਦ ਸੋਲੱਖਿਆ, ਸਰਬ ਘਟਿ।**

**ਮਿਲ ਗੁਰ ਨਾਮ ਲਗਾਇਉ ਰੱਟ ॥**

ਸੋਹੰ ਦਾ ਜਾਪ ਕਰਨ ਨਾਲ ਇਹੋ ਹੀ ਭਾਗਾਂ ਵਾਲਾ ਛੰਦ ਹੈ ਜਿਸ ਨਾਲ ਜੀਵ ਹਰ ਪਾਸੇ ਪ੍ਰਭੂ ਨੂੰ ਅਨੁਭਵ ਕਰਦਾ ਹੈ। ਪਰ ਨਾਮ ਦੀ ਰੱਟ ਦੀ ਐਸੀ ਅਵਸਥਾ ਗੁਰੂ ਦੀ ਕਿਰਪਾ ਨਾਲ ਹੀ ਪ੍ਰਾਪਤ ਹੁੰਦੀ ਹੈ।

**ਚੌਂਕ ਚਤਰ ਜਗ ਜਾਣ ਮਹਾਨ ॥**

**ਪੂਰਨ ਹਾਰ ਜਗਤ ਸੋ ਪ੍ਰਾਣ ॥**

ਪ੍ਰਭੂ ਦਾ ਪਾਸਾਰ ਚੌਂਕ ਪੂਰਨਾ ਹੈ ਅਤੇ ਪ੍ਰਭੂ ਹੀ ਸਾਰੀ ਸ੍ਰਿਸ਼ਟੀ ਦਾ ਸਹਾਰਾ ਹੈ।

**ਨਾਨਕੇ, ਮਾਪੇ, ਸਾਕ ਸੋਹੇਲੇ।**

**ਕਰ ਕਿਰਪਾ ਸਤਿਗੁਰ ਪ੍ਰਭ ਮੇਲੇ॥**

ਜਦੋਂ ਸਤਿਗੁਰੂ ਕਿਰਪਾ ਕਰਕੇ ਪ੍ਰਭੂ ਨਾਲ ਮੇਲ ਦਿੰਦਾ ਹੈ ਤਾਂ ਨਾਨਕੇ, ਮਾਮੇ, ਸਾਕ ਸੰਬੰਧੀ ਸਾਰੇ ਜੀਵ ਦੇ ਮਿੱਤਰ ਬਣ ਜਾਂਦੇ ਹਨ।

**ਹੱਥ ਗਾਨਾ, ਗਣਿਉ ਸੋ ਮਾਲ।**

**ਕਿਆ ਪੁੰਨ, ਦਾਨ ਰਚਨ ਆਕਾਲ॥**

ਪ੍ਰਭੂ ਦਾ ਨਾਮ ਰੂਪੀ ਗਾਣਾ ਜੀਵ ਪਾਸ ਸ੍ਰੇਸ਼ਟ ਧਨ ਹੈ। ਫਿਰ ਅਕਾਲ ਪੁਰਖ ਨੂੰ ਪਾ ਕੇ ਜੀਵ ਨੂੰ ਹੋਰ ਕੋਈ ਪੁੰਨ-ਦਾਨ ਕਰਨ ਦੀ ਲੋੜ ਨਹੀਂ ਰਹਿੰਦੀ।

**ਕੁੰਭ ਕਮਾਲ ਜਨਮ, ਜਨ ਪਾਇਉ।**

**ਸੁਰਤ ਸ਼ਬਦ ਆਨਾਜ ਮਿਲਾਇਉ॥**

ਕੁੰਭ ਰੂਪੀ ਜੀਵ ਨੇ ਸ੍ਰੇਸ਼ਟ ਜਨਮ ਪ੍ਰਾਪਤ ਕੀਤਾ ਹੈ। ਸੁਰਤ ਸ਼ਬਦ ਨੂੰ ਜੋੜ ਕੇ ਅੰਦਰੋਂ ਸਰੇਸ਼ਟ ਖਜਾਨੇ ਨਾਲ ਜੁੜਿਆ।

**ਭਰ ਜਲ, ਕੁੰਭ ਕਾਰਜ ਮੇਂ ਧਰਿਉ।**

**ਤਿਵ ਕਾਰਜ ਸੰਪੂਰਨ ਕਰਿਉ॥**

ਸਰੀਰ ਰੂਪੀ ਕੁੰਭ ਵਿਚ ਪ੍ਰਭੂ ਦਾ ਨਾਮ ਰੂਪੀ ਜਲ ਭਰਿਆ ਹੈ। ਇਹ ਸ੍ਰੇਸ਼ਟ ਕਾਰਜ ਹੈ ਜਿਸ ਨਾਲ ਜੀਵ ਦੇ ਸਾਰੇ ਕਾਰਜ ਸੰਪੂਰਨ ਹੋ ਜਾਂਦੇ ਹਨ।

**ਦੀਪਕ ਦਿਲ, ਹੰਗ ਤੇਲ ਬਿਠਾਈ।**

**ਸੁਰਤ ਮਿਲਾ, ਉੱਤੇ ਜੋਤ ਜਗਾਈ॥**

ਦਿਲ ਰੂਪੀ ਦੀਪਕ ਵਿਚ ਪ੍ਰਭੂ ਦੇ ਨਾਮ ਦਾ ਤੇਲ ਪਾਇਆ ਹੈ। ਸੁਰਤ ਪ੍ਰਭੂ ਨਾਲ ਲਾ ਕੇ ਜੋੜ ਲਈ ਹੈ ਅਤੇ ਨਾਮ ਦੀ ਜੋਤ ਜਗਾਈ ਹੈ।

**ਗੁਰ ਭਰਵਾਸੇ, ਸੋ ਸੰਧੂਰ।**

**ਨੌ ਦਰ ਤੋਂ, ਨੌ ਗ੍ਰਹਿ ਸਭ ਦੂਰ॥**

ਗੁਰੂ ਦੇ ਭਰੋਸੇ ਉੱਪਰ ਰਹਿਣਾ ਮਾਨੋ ਸੰਧੂਰ ਪਾਇਆ ਹੈ, ਜਿਸ ਨਾਲ ਨੌ ਦਵਾਰਿਆਂ ਵਿੱਚੋਂ ਵਿਕਾਰ ਰੂਪੀ ਨੌ ਗ੍ਰਹਿ ਦੂਰ ਹੋ ਜਾਂਦੇ ਹਨ।

**ਗੁਰਮੁਖ ਸਾਂਦ, ਸਮਝ ਸੱਚ ਸੋਈ।**

**ਸਭ ਕਾਰਜ, ਪ੍ਰਭ ਓਟ ਲੈ ਹੋਈ॥**

ਹੇ ਗੁਰਮੁਖ ਇਹੀ ਪ੍ਰਭੂ ਦੀ ਸੱਚੀ ਸਾਂਦ ਹੈ। ਸਾਰੇ ਕਾਰਜ ਪ੍ਰਭੂ ਦੀ ਓਟ ਲੈ ਕੇ ਪੂਰੇ ਹੋ ਜਾਂਦੇ ਹਨ।

**ਖੋਪਾ ਕਾਰਜ, ਸਮਗਰੀ ਘਿਉ।**

**ਇਕ ਦਰ ਖਤਮ ਸੋਗੰਦੀ ਭਇਉ॥**

ਪ੍ਰਭੂ ਦਾ ਨਾਮ ਹੀ ਕਾਰਜ ਲਈ ਖੋਪਾ ਹੈ ਅਤੇ ਪ੍ਰਭੂ ਦਾ ਨਾਮ ਹੀ ਸਮਗਰੀ ਰੂਪੀ ਘਿਓ ਹੈ। ਪ੍ਰਭੂ ਦੇ ਦਰਬਾਰ ਵਿਚ ਕੇਵਲ ਨਾਮ ਦੀ ਸੁਗੰਧੀ ਆਉਂਦੀ ਹੈ।

**ਅਬ ਅੰਬ, ਪੱਤ ਜਗਨ ਜਗ ਜਾਗ।**

**ਸੁਰਤ ਸ਼ਬਦ ਮਿਲ ਮੰਗਲ ਰਾਗ॥**

ਅੰਬ, ਪੱਤੇ, ਦੀਪਕ ਆਦਿਕ ਸਾਰੀ ਸਮਗਰੀ ਪ੍ਰਭੂ ਦਾ ਨਾਮ ਹੈ ਅਤੇ ਸੁਰਤ ਸ਼ਬਦ ਨਾਲ ਮਿਲਕੇ ਪ੍ਰਭੂ ਦਾ ਅਨੰਦਮਈ ਰਾਗ ਗਾਉਣਾ ਹੈ।

**ਸਭ ਮਿਲ ਪ੍ਰਣ, ਪ੍ਰਾਣ ਬਿਠਾਉ।**

**ਸੰਗ ਗੁਰ ਸਤਿ ਵਿਸ਼ਵਾਸ ਜਮਾਉ॥**

ਸਾਰੇ ਮਿਲਕੇ ਆਪਣੇ ਮਨ ਵਿਚ ਇਹ ਪ੍ਰਣ ਕਰੋ ਕਿ ਗੁਰੂ ਦੀ ਸੰਗਤ ਵਿਚ ਜਾ ਕੇ ਪ੍ਰਭੂ ਉੱਪਰ ਪੱਕਾ ਵਿਸ਼ਵਾਸ ਕਰੋ।

**ਕਹੇ ਰਵਿਦਾਸ ਭਜ ਹਰਿ ਨਾਮ।**

**ਪ੍ਰਭ ਸੋ ਧਿਆਨ, ਸਫਲ ਸਭ ਕਾਮ॥**

ਜਗਤਗੁਰੂ ਰਵਿਦਾਸ ਮਹਾਰਾਜ ਜੀ ਉਚਾਰਨ ਕਰਦੇ ਹਨ ਕਿ ਹੇ ਜੀਵ ! ਤੂੰ ਹਰਿ ਦਾ ਨਾਮ ਜਪ ਪ੍ਰਭੂ ਦਾ ਧਿਆਨ ਕਰਨ ਨਾਲ ਤੇਰੇ ਸਾਰੇ ਕਾਰਜ ਸਫ਼ਲ ਹੋਣਗੇ।

**"ਅਨਮੋਲ ਵਚਨ" (ਮਿਲਣੀ ਦੇ ਸਮੇਂ)**

**ਮੇਲ ਮਿਲਾਇਆ ਦਾਤੇ, ਮਿਲਿਆ ਮਿਲਣੇ ਕੇ ਯੋਗ ॥**
**ਦਿਲ ਜੇ ਮਿਲਾਵੇ ਦਾਤਾ, ਜਾਂਦੇ ਵਿਛੋੜੇ ਵਾਲੇ ਰੋਗ ॥**

ਪ੍ਰਭੂ ਨੇ ਕਿਰਪਾ ਕਰਕੇ ਮੇਲ ਮਿਲਾਇਆ ਜਿਸ ਕਾਰਨ ਮਿਲਣੀ ਦਾ ਯੋਗ ਬਣਿਆ। ਜਦੋਂ ਪ੍ਰਭੂ ਕਿਰਪਾ ਕਰਕੇ ਦਿਲਾਂ ਨੂੰ ਮਿਲਾ ਦਿੰਦਾ ਹੈ ਤਾਂ ਵਿਛੋੜੇ ਵਾਲੇ ਸਾਰੇ ਰੋਗ ਸਮਾਪਤ ਹੋ ਜਾਂਦੇ ਹਨ।

**ਖ਼ੁਸ਼ੀਆਂ ਸਤਿਗੁਰ ਬਖ਼ਸ਼ੇ, ਉਮਰਾਂ ਦੇ ਜਾਂਦੇ ਨੇ ਵਿਯੋਗ ॥**
**ਤਨ, ਮਨ ਵਾਰਿਆ ਜਾਵੇ, ਮਿਲਣੀ ਆਦਰ ਸੰਗ ਹੋਗ ॥**

ਜਦੋਂ ਸਤਿਗੁਰੂ ਕਿਰਪਾ ਕਰਕੇ ਖ਼ੁਸ਼ੀਆਂ ਬਖ਼ਸ਼ ਦੇਂਦੇ ਹਨ ਤਾਂ ਉਮਰਾਂ ਦੇ ਵਿਯੋਗ ਸਮਾਪਤ ਹੋ ਜਾਂਦੇ ਹਨ। ਤਨ, ਮਨ ਸਤਿਗੁਰਾਂ ਨੂੰ ਸਮਰਪਿਤ ਕਰਨ ਨਾਲ ਮਿਲਣੀ ਆਦਰ ਸੰਗ ਹੁੰਦੀ ਹੈ।

**ਕਿਰਪਾ ਪੱਗ ਮਸਤਕ ਰਾਖੋ, ਸਤਿਗੁਰ ਸਬਰ ਸਿਰ ਯੋਗ ॥**
**ਪ੍ਰਭ ਤੋਂ ਮਿਲ ਕੇ ਮਾਂਗੋ, ਪਵੇ ਨਾ ਵਿਛੋੜੇ ਵਾਲਾ ਭੋਗ ॥**

ਪ੍ਰਭੂ ਜੀ ਕਿਰਪਾ ਦੀ ਪੱਗ ਸਿਰ 'ਤੇ ਰੱਖ ਕੇ ਸਬਰ ਸੰਤੋਖ ਨਾਲ ਦੋ ਸਿਰਾਂ ਦੇ ਮਿਲਾਪ ਹੋ ਜਾਂਦੇ ਹਨ। ਪ੍ਰਭੂ ਦੇ ਚਰਨਾਂ ਵਿਚ ਮਿਲ ਕੇ ਅਰਦਾਸ ਕਰੋ ਕਿ ਕਦੇ ਵੀ ਵਿਛੋੜਾ ਨਾ ਪਵੇ।

**ਕਹਿ ਰਵਿਦਾਸ ਪੁਕਾਰੈ, ਜਨਮਾਂ ਦੇ ਜਾਂਦੇ ਸਾਰੇ ਸੋਗ ॥**

ਜਗਤਗੁਰੂ ਰਵਿਦਾਸ ਮਹਾਰਾਜ ਜੀ ਜੀਵਾਂ ਨੂੰ ਪੁਕਾਰ ਕੇ ਸਮਝਾਉਂਦੇ ਹਨ ਕਿ ਪ੍ਰਭੂ ਦਾ ਸਿਮਰਨ ਕਰਨ ਨਾਲ ਜਨਮ ਜਨਮ ਦੇ ਸੋਗ ਸਮਾਪਤ ਹੋ ਜਾਂਦੇ ਹਨ।

* * *

# "ਸ਼ਾਦੀ ਉਪਦੇਸ਼"

**॥ ੧ਓ ਸੋਹੰ ਸਤਿਨਾਮ ਜੀਓ ॥**

**॥ ਦਵੈਯਾ ਛੰਦ ॥**

**ਪਹਿਲੜੀ ਲਾਂਵ ਹਰਿ ਦਰਸ਼ਨ ਗੁਰਾਂ ਦਾ, ਜਾਵੇ ਦੂਰ ਬੁਲਾਈ ॥**
**ਦੀਆ ਮੇਲ ਹਰਿ ਦਇਆ ਧਾਰ ਕੇ, ਗੁੱਝੀ ਰੰਮਜ ਚਲਾਈ ॥**

ਪਹਿਲੜੀ ਲਾਂਵ ਵਿਚ ਹਰਿ ਸਰੂਪ ਗੁਰੂ ਦੇ ਦਰਸ਼ਨ ਕਰਨ ਨਾਲ ਦੁੱਖ ਦੂਰ ਹੋ ਜਾਂਦੇ ਹਨ ਜਦੋਂ ਹਰਿ ਦਇਆ ਕਰਕੇ ਮਿਲਾਪ ਕਰਾ ਦਿੰਦਾ ਹੈ, ਉਸ ਸਮੇਂ ਗੁੱਝੀ ਰਮਜ਼ ਦੀ ਸਮਝ ਪੈਂਦੀ ਹੈ, ਭਾਵ ਗਿਆਨ ਹੋ ਜਾਂਦਾ ਹੈ।

**ਅਨਹਦ ਸ਼ਬਦ ਸੁਣੇ ਮਨ ਥਿਰ ਕਰ, ਮਿਟ ਗਏ ਸਰਬ ਅੰਧੇਸੇ ॥**
**ਕਿਰਪਾ ਸਿੰਧ ਗੁਰ ਮਿਲਿਆ ਪੂਰਾ, ਲਿਵ ਲਾਗੀ ਹਰਿ ਭੇਸੇ ॥**

ਹਰਿ ਦੇ ਨਾਮ ਵਿਚ ਮਨ ਸਥਿਰ ਕਰਨ ਨਾਲ ਅਨਹਦ ਸ਼ਬਦ ਸੁਣਾਈ ਦਿੰਦਾ ਹੈ। ਜਿਸ ਨਾਲ ਸਾਰੇ ਸ਼ੰਕੇ ਨਾਸ਼ ਹੋ ਜਾਂਦੇ ਹਨ। ਪ੍ਰਭੂ ਦੀ ਕਿਰਪਾ ਨਾਲ ਪੂਰਨ ਗੁਰੂ ਦਾ ਮਿਲਾਪ ਹੁੰਦਾ ਹੈ ਅਤੇ ਜੀਵ ਦੀ ਲਿਵ ਲੱਗ ਜਾਂਦੀ ਹੈ।

**ਪੂਰੇ ਗੁਰ ਤੇ ਸ਼ਬਦ ਸੱਚ ਪਾਇਆ, ਰਤਨ ਅਮੋਲਕ ਮੀਤਾ ॥**
**ਸੁਣਦਿਆਂ ਹੀ ਮਨ ਮਸਤ ਦੀਵਾਨਾ, ਸ਼ਬਦ ਗੁਰਾਂ ਨੇ ਕੀਤਾ ॥**

ਪੂਰੇ ਗੁਰੂ ਤੋਂ ਸ਼ਬਦ ਪ੍ਰਾਪਤ ਕਰਕੇ ਜੀਵ ਸੱਚੇ ਹਰਿ ਨਾਲ ਜੁੜ ਕੇ ਅਮੋਲਕ ਨਾਮ ਰੂਪੀ ਰਤਨ ਪ੍ਰਾਪਤ ਕਰ ਲੈਂਦਾ ਹੈ, ਗੁਰੂ ਦੇ ਸ਼ਬਦ ਨੂੰ ਸੁਣਦਿਆਂ ਹੀ ਜੀਵ ਦਾ ਮਨ ਹਰਿ ਦੇ ਮਿਲਾਪ ਵਿਚ ਮਸਤ ਦੀਵਾਨਾ ਹੋ ਜਾਂਦਾ ਹੈ।

**ਮਹਾਂਵਾਕ ਸੁਣ, ਸੁਣ ਕੇ ਗੁਰੂ ਦੇ, ਸ਼ਰਧਾ ਪ੍ਰੀਤ ਮਨ ਆਵੈ ॥**
**ਕਹਿ ਰਵਿਦਾਸ ਇਹ ਹੈ ਲਾਂਵ ਪਹਿਲੜੀ, ਚੌਸੱਠ ਤੀਰਥ ਨ੍ਹਾਵੈ ॥**

ਗੁਰੂ ਦੇ ਮਹਾਵਾਕ ਨੂੰ ਸੁਣ ਕੇ ਜੀਵ ਦੇ ਮਨ ਵਿਚ ਪ੍ਰਭੂ ਪ੍ਰਤੀ ਸ਼ਰਧਾ ਅਤੇ ਪ੍ਰੇਮ ਆ ਜਾਂਦਾ ਹੈ। ਜਗਤਗੁਰੂ ਰਵਿਦਾਸ ਮਹਾਰਾਜ ਜੀ ਉਚਾਰਨ ਕਰਦੇ ਹਨ ਕਿ ਇਹ ਪਹਿਲੜੀ ਲਾਂਵ ਹੈ ਜਿਸ ਨਾਲ ਜੀਵ ਚੌਂਹਠ ਤੀਰਥਾਂ ਵਿਚ ਇਸ਼ਨਾਨ ਕਰ ਲੈਂਦਾ ਹੈ।

* * *

## "ਦੂਜੜੀ ਲਾਂਵ"

**ਦੂਜੜੀ ਲਾਂਵ ਪ੍ਰੇਮ ਪਰੀਤੀ, ਸੁਰਤ ਸ਼ਬਦ ਮਿਲਾਈ ॥**
**ਸਤਿਗੁਰ ਕੀਤੀ ਪਰਮ ਪਰੀਤੀ, ਦਰਗਾਹ ਮੇਂ ਸੁੱਖ ਪਾਈ ॥**

ਦੂਜੀ ਲਾਂਵ ਜੀਵ ਪ੍ਰਭੂ ਨਾਲ ਪ੍ਰੇਮ ਕਰਦਾ ਹੈ ਜਿਸ ਨਾਲ ਸ਼ਬਦ ਅਤੇ ਸੁਰਤ ਦਾ ਮਿਲਾਪ ਹੋ ਜਾਂਦਾ ਹੈ। ਸਤਿਗੁਰੂ ਨਾਲ ਪ੍ਰੀਤੀ ਕਰਨ ਨਾਲ ਜੀਵ ਨੂੰ ਪ੍ਰਭੂ ਦੀ ਦਰਗਾਹ ਵਿਚ ਸੁੱਖ ਪ੍ਰਾਪਤ ਹੁੰਦਾ ਹੈ।

**ਸਰਬ ਮਨੋਰਥ ਤਿਸ ਦਰ ਤੇ ਪਾਉ, ਸ਼ਰਨ ਪਰੈ ਕੋ ਤਾਰੈ ॥**
**ਹੁਕਮ ਅੰਦਰ ਹੈ ਚਾਰ ਪਦਾਰਥ, ਤਨ, ਮਨ ਜੇਕਰ ਵਾਰੇ ॥**

ਸਾਰੇ ਮਨੋਰਥ ਪ੍ਰਭੂ ਦੇ ਦਰ 'ਤੇ ਜਾਣ ਨਾਲ ਪੂਰੇ ਹੁੰਦੇ ਹਨ ਅਤੇ ਪ੍ਰਭੂ ਦੀ ਸ਼ਰਨ ਗ੍ਰਹਿਣ ਕਰਨ ਨਾਲ ਜੀਵ ਤਰ ਜਾਂਦਾ ਹੈ। ਪ੍ਰਭੂ ਦੇ ਹੁਕਮ ਵਿਚ ਚਾਰ ਪਦਾਰਥ (ਕਾਮ, ਅਰਥ, ਧਰਮ, ਮੋਕਸ਼) ਹਨ। ਜੋ ਤਨ ਮਨ ਪ੍ਰਭੂ ਅੱਗੇ ਸਮਰਪਿਤ ਕਰਨ ਨਾਲ ਪ੍ਰਾਪਤ ਹੁੰਦੇ ਹਨ।

**ਸਤਿਗੁਰ ਸ਼ਰਨ ਰਹਿ ਵਡਭਾਗੀ, ਸਹਿੰਸੇ ਸਗਲ ਗੁਆਏ ॥**
**ਸਤਿਗੁਰੂ ਦਾਤਾ ਪ੍ਰਭ ਸੰਗ ਰਾਤਾ, ਨਿਸ ਦਿਨ ਹਰਿ ਲਿਵ ਲਾਏ ॥**

ਸਤਿਗੁਰੂ ਦੀ ਸ਼ਰਨ ਵਿਚ ਰਹਿਣ ਨਾਲ ਵੱਡੇ ਭਾਗਾਂ ਵਾਲਾ ਜੀਵ ਸਾਰੇ ਭਰਮਾਂ ਨੂੰ ਸਮਾਪਤ ਕਰ ਲੈਂਦਾ ਹੈ। ਸਤਿਗੁਰੂ ਦਾਤਾ ਹੈ ਜੋ ਪ੍ਰਭੂ ਨਾਲ ਇੱਕ-ਮਿਕ ਹੋ ਚੁੱਕਾ ਹੈ। ਜੋ ਜੀਵਾਂ ਦੀ ਹਰ ਰੋਜ਼ ਹਰਿ ਨਾਲ ਬਿਰਤੀ ਲਗਾਉਂਦਾ ਹੈ।

**ਭਰਮ ਭੁਲਾਵਾ, ਮਿਟਿਆ ਦਾਵਾ, ਚਾਲ ਗੁਰਾਂ ਦੀ ਚਾਲੀ॥**

**ਕਹਿ ਰਵਿਦਾਸ ਇਹ ਲਾਂਵ ਦੂਜੜੀ ਬਚਨ ਗੁਰਾਂ ਦੇ ਪਾਲੀ॥**

ਗੁਰੂ ਦੇ ਦੱਸੇ ਹੋਏ ਮਾਰਗ 'ਤੇ ਚੱਲਣ ਨਾਲ ਜੀਵ ਦੇ ਸਾਰੇ ਭਰਮ ਅਤੇ ਦਾਅਵੇ ਸਮਾਪਤ ਹੋ ਜਾਂਦੇ ਹਨ। ਜਗਤਗੁਰੂ ਰਵਿਦਾਸ ਮਹਾਰਾਜ ਜੀ ਉਚਾਰਨ ਕਰਦੇ ਹਨ ਕਿ ਇਹ ਦੂਜੀ ਲਾਂਵ ਹੈ ਜਿਸਦੀ ਗੁਰੂ ਦੇ ਬਚਨਾਂ 'ਤੇ ਚੱਲਕੇ ਪਾਲਣਾ ਹੁੰਦੀ ਹੈ।

**"ਤੀਜੜੀ ਲਾਂਵ"**

**ਤੀਜੜੀ ਲਾਂਵ ਅਵਰਨ ਦੋਸ਼ ਤੇ, ਰਹਿਤ ਭਇਆ ਮਨ ਮੇਰਾ॥**

**ਹਰਿ ਘਟਿ ਦੇ ਵਿਚ ਏਕ ਸਮਾਨਾ, ਸੋ ਘਰਿ ਪਾਇਆ ਡੇਰਾ॥**

ਤੀਸਰੀ ਲਾਂਵ ਅਵਰਨ ਦੋਸ਼ ਤੋਂ ਮੇਰਾ ਮਨ ਰਹਿਤ ਹੋ ਗਿਆ। ਹਰਿ ਸਾਰੇ ਸੰਸਾਰ ਵਿਚ ਸਮਾਇਆ ਹੋਇਆ ਹੈ। ਉਸਦਾ ਅਸਥਾਨ ਮੈਂ ਆਪਣੇ ਅੰਦਰ ਹੀ ਦੇਖ ਲਿਆ ਹੈ।

**ਪਰਮ ਪ੍ਰਭੂ ਪਰਮੇਸ਼ਵਰ ਜਾਨਾ, ਤਾਂ ਸੁੱਖ ਮਿਲੇ ਉਪਾਰੈ॥**

**ਮਨ ਮੇਂ ਸੱਚ ਮੰਗਲ ਸੁੱਖ ਹੋਇ, ਜੋ ਲੋਚਾ ਮਨ ਧਾਰੈ॥**

ਪਰਮ ਪ੍ਰਭੂ ਪਰਮੇਸ਼ਵਰ ਦੀ ਕਿਰਪਾ ਨਾਲ ਆਪਾਰ ਸੁੱਖਾਂ ਦੀ ਪ੍ਰਾਪਤੀ ਹੁੰਦੀ ਹੈ। ਮਨ ਵਿਚ ਸੱਚੇ ਮੰਗਲਮਈ ਪ੍ਰਭੂ ਦੇ ਗੀਤ ਗਾਉਣ ਨਾਲ ਸੱਚਾ ਸੁੱਖ ਪ੍ਰਾਪਤ ਹੁੰਦਾ ਹੈ। ਜਿਸ ਜੀਵ ਦਾ ਮਨ ਇੱਕ ਚਿੱਤ ਹੋ ਕੇ ਪ੍ਰਭੂ ਦੇ ਦਰਸ਼ਨਾਂ ਨੂੰ ਲੋਚਦਾ ਹੈ ਉਸ 'ਤੇ ਪ੍ਰਭੂ ਦੀ ਕਿਰਪਾ ਹੋ ਜਾਂਦੀ ਹੈ।

**ਮੰਗਲ ਦੇ ਮੰਗਲ ਨਿਤ ਗਾਵਾਂ, ਇਹੋ ਅੰਮ੍ਰਿਤ ਧਾਰਾ॥**

**ਹਰਿ, ਹਰਿ ਸੰਗ ਲਿਵ ਜੁੜੀ ਜੁੜੰਦੀ ਸਾਚਾ ਇਹ ਸਹਾਰਾ॥**

ਮੈਂ ਹਰਿ ਦੇ ਪ੍ਰੇਮ ਵਿਚ ਮੰਗਲ ਤੋਂ ਮੰਗਲਮਈ ਗੁਣ ਗਾਉਂਦਾ ਹਾਂ। ਇਹੋ ਹੀ ਮੇਰੇ ਅੰਦਰ ਪ੍ਰਭੂ ਦੀ ਅੰਮ੍ਰਿਤ ਧਾਰਾ ਹੈ। ਹਰਿ ਹਰਿ ਨਾਲ ਲਿਵ ਜੁੜਨ ਨਾਲ ਸੱਚਾ ਸਹਾਰਾ ਪ੍ਰਾਪਤ ਹੁੰਦਾ ਹੈ।

**ਸੁੰਦਰ ਸ਼ਬਦ ਆਮੋਲਕ ਦਰਸ਼ਨ, ਜੋ ਸਤਿਗੁਰ ਦਰ ਆਵੈ ॥**
**ਕਹਿ ਰਵਿਦਾਸ ਸੋ ਲਾਂਵ ਤੀਸਰੀ, ਸੁਰਤ ਗਗਨ ਚੜ ਜਾਵੈ ॥**

ਸਤਿਗੁਰੂ ਦੇ ਦਰ 'ਤੇ ਆਉਣ ਨਾਲ ਜੀਵ ਨੂੰ ਸੁੰਦਰ ਸ਼ਬਦ ਸੁਣਾਈ ਦਿੰਦਾ ਹੈ। ਜਗਤਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਉਹ ਤੀਸਰੀ ਲਾਂਵ ਹੈ ਜਦੋਂ ਜੀਵ ਦੀ ਸਤਿਗੁਰੂ ਦੀ ਕ੍ਰਿਪਾ ਨਾਲ ਸੁਰਤੀ ਸ਼ਬਦ ਨਾਲ ਜੁੜਕੇ ਦਸਵੇਂ ਦੁਆਰ ਰੂਪੀ ਗਗਨ 'ਤੇ ਪੁੱਜ ਜਾਂਦੀ ਹੈ।

* * *

## "ਚੌਥੜੀ ਲਾਂਵ"

**ਚੌਥੜੀ ਲਾਂਵ ਰਤਨ ਹਰਿ ਜਾਨਾ, ਸੁੱਖ ਸੰਪਤਿ ਘਰ ਆਏ ॥**
**ਆਸਾ, ਮਨਸਾ ਸਤਿਗੁਰ ਪੂਰੇ, ਜੈ, ਜੈ ਸ਼ਬਦ ਅਲਾਇ ॥**

ਚੌਥੀ ਲਾਂਵ ਜਦੋਂ ਜੀਵ ਹਰਿ ਦੇ ਨਾਮ ਅਮੋਲਕ ਰਤਨ ਨੂੰ ਜਾਣ ਲੈਂਦਾ ਹੈ। ਤਦ ਸਾਰੇ ਸੁੱਖ ਅਤੇ ਖਜ਼ਾਨੇ ਜੀਵ ਦੇ ਘਰ ਆ ਜਾਂਦੇ ਹਨ। ਸਾਰੀਆਂ ਇੱਛਾਵਾਂ ਅਤੇ ਸਾਰੇ ਮਨੋਰਥ ਸਤਿਗੁਰੂ ਦੀ ਕਿਰਪਾ ਨਾਲ ਪੂਰਨ ਹੋ ਜਾਂਦੇ ਹਨ ਅਤੇ ਜੀਵ ਪ੍ਰਭੂ ਦੀ ਜੈ-ਜੈ ਕਾਰ ਕਰਦਾ ਹੋਇਆ ਸਤਿਗੁਰੂ ਦੇ ਸ਼ਬਦ ਦਾ ਅਭਿਆਸ ਕਰਦਾ ਹੈ।

**ਧੀਰੇ, ਧੀਰੇ ਗਈ ਪਹੁੰਚ ਹੁਣ, ਹੋ ਸਤਿਗੁਰ ਦੀ ਦਾਸੀ ॥**
**ਨਾ ਆਵੇ, ਨਾ ਜਾਵੇ ਕਿਤ ਵੱਲ, ਮਿਲਿਆ ਪੁਰਖ ਅਵਿਨਾਸ਼ੀ ॥**

ਸਹਿਜੇ ਸਹਿਜੇ ਜੀਵ ਰੂਪੀ ਇਸਤਰੀ ਸਤਿਗੁਰੂ ਦੀ ਦਾਸੀ ਬਣ ਕੇ ਪ੍ਰਭੂ ਦਾ ਧਿਆਨ ਲਾ ਕੇ ਪ੍ਰਭੂ ਦੇ ਚਰਨਾਂ ਵਿਚ ਪਹੁੰਚ ਜਾਂਦੀ ਹੈ। ਫਿਰ ਇਹ ਜੀਵ ਨਾ ਜਨਮਦਾ ਹੈ, ਨਾ ਮਰਦਾ ਹੈ। ਇਸ ਨੂੰ ਅਬਿਨਾਸ਼ੀ ਪੁਰਸ਼ (ਪ੍ਰਭੂ) ਦੀ ਪ੍ਰਾਪਤੀ ਹੋ ਜਾਂਦੀ ਹੈ।

**ਸਤਿ ਸੰਤੋਖ ਭਇਆ ਮਨ ਮੇਰੇ, ਸਤਿਗੁਰੂ ਬਚਨੁ ਸੁਨਾਵੈ ॥**
**ਆਇਆ ਬੇਰਾਗ, ਮਿਲਿਆ ਅਵਿਨਾਸ਼ੀ, ਜੋੜੀ ਜੂੜੀ ਸੁਹਾਵੈ ॥**

ਸਤਿਗੁਰੂ ਦੇ ਬਚਨ ਧਾਰਣ ਕਰਨ ਨਾਲ ਜੀਵ ਦੇ ਮਨ ਨੂੰ ਸਤਿ ਅਤੇ ਸੰਤੋਖ ਆ ਜਾਂਦਾ ਹੈ। ਫਿਰ ਜੀਵ ਦੇ ਮਨ ਵਿਚ ਵੈਰਾਗ ਆ ਜਾਂਦਾ ਹੈ ਅਤੇ ਅਵਿਨਾਸ਼ੀ ਪ੍ਰਭੂ ਦੀ ਪ੍ਰਾਪਤੀ ਹੋ ਜਾਂਦੀ ਹੈ। ਫਿਰ ਇਹ ਜੀਵ ਰੂਪੀ ਇਸਤਰੀ ਪਤੀ ਪ੍ਰਭੂ ਨੂੰ ਪਾ ਕੇ ਸੁਹਾਗਣ ਬਣ ਜਾਂਦੀ ਹੈ।

**ਮਨ ਮੰਦਰ ਮਾਂਹੈ ਚੋਂ ਉਪਜਿਆ, ਪ੍ਰੀਤ ਪ੍ਰਭੂ ਸੰਗ ਲਾਈ॥**
**ਕਹਿ ਰਵਿਦਾਸ ਸਤਿ ਲਾਂਵ ਚੌਥੜੀ, ਪੁਰਖੇ ਪੁਰਖ ਮਿਲਾਈ॥**

ਜੀਵ, ਮਨ ਰੂਪੀ ਮੰਦਰ ਵਿੱਚ ਬਿਰਾਜਮਾਨ ਪ੍ਰਭੂ ਨਾਲ ਪ੍ਰੀਤੀ ਲਾਉਂਦਾ ਹੈ। ਜਗਤਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਇਹ ਸੱਚੀ ਚੌਥੀ ਲਾਂਵ ਹੈ ਜਿਸ ਨਾਲ ਜੀਵ ਦਾ ਪ੍ਰਭੂ (ਪੁਰਖ) ਨਾਲ ਮਿਲਾਪ ਹੋ ਜਾਂਦਾ ਹੈ।

***

## "ਸੁਹਾਗ ਉਸਤਤ"

**॥ ੧ਓ ਸੋਹੰ ਸਤਿਨਾਮ ਜੀਓ॥**

**ਸੁਰਤ ਸੁਹਾਗਣ ਗੁਰੂ ਦੇਵ ਪਿਆਰੀ, ਸੋਹੰ ਨਾਮ ਸੰਗ ਖੇਲੀ॥**
**ਬਹੁਤਿ ਜਨਮ ਦੇ ਵਿੱਛੜਿਆਂ ਨੂੰ, ਆਣ ਗੁਰਾਂ ਨੇ ਮੇਲੀ॥**

ਗੁਰੂਦੇਵ ਨਾਲ ਪਿਆਰ ਕਰਕੇ ਸੁਰਤੀ ਸ਼ਬਦ ਨਾਲ ਮਿਲਕੇ ਸੁਹਾਗਣ ਹੋ ਜਾਂਦੀ ਹੈ ਅਤੇ ਸੋਹੰ ਨਾਮ ਨਾਲ ਲੱਗਕੇ ਆਨੰਦ ਲੈਂਦੀ ਹੈ। ਬਹੁਤ ਜਨਮਾਂ ਤੋਂ ਜੀਵ ਰੂਪੀ ਇਸਤਰੀ ਪ੍ਰਭੂ ਤੋਂ ਵਿਛੜੀ ਹੋਈ ਨੂੰ ਗੁਰਾਂ ਨੇ ਆ ਕੇ ਪ੍ਰਭੂ ਨਾਲ ਮਿਲਾ ਦਿੱਤਾ।

**ਝੂਠੀ ਖੇਡ ਬਿਸਰ ਗਈ ਤਨ ਤੇ, ਬਾਜੀਗਰ ਸਿਉਂ ਮੇਲੀ॥**
**ਸੱਚਾ ਪੁਰਖ ਮਿਲਾਇਆ ਪਰਮੇਸ਼ਵਰ, ਤਿਸ ਸੰਗ ਲਾਡ ਲਡੇਲੀ॥**

ਸਾਰੀ ਦੁਨੀਆਂ ਦੀ ਝੂਠੀ ਖੇਡ ਖ਼ਤਮ ਹੋ ਗਈ, ਜਦੋਂ ਸਤਿਗੁਰਾਂ ਨੇ ਪ੍ਰਭੂ ਬਾਜੀਗਰ ਨਾਲ ਸੁਰਤੀ ਮਿਲਾ ਦਿੱਤੀ। ਜਿਸ

ਨਾਲ ਸੱਚੇ ਪੁਰਖ ਨਾਲ ਮਿਲਾਪ ਹੋ ਗਿਆ, ਜਿਸ ਨਾਲ ਲੱਗ ਕੇ ਜੀਵ ਰੂਪੀ ਇਸਤਰੀ ਸਰੇਸ਼ਟ ਆਨੰਦ ਲੈਂਦੀ ਹੈ।

**ਆਪ ਸਮਾਨ ਆਪਣੇ ਕੀਤੀ, ਆਗਿਆਨ ਨੀਂਦ ਤੇ ਜਾਗੀ ॥**
**ਭੁੱਲੀ ਚੁੱਕੀ ਰਸਤੇ ਪੈ ਗਈ, ਆਤਮ ਸਿਉਂ ਲਿਵ ਲਾਗੀ ॥**

ਜੀਵ ਰੂਪੀ ਇਸਤਰੀ ਨੂੰ ਅਗਿਆਨਤਾ ਦੀ ਨੀਂਦ ਤੋਂ ਜਗਾ ਕੇ ਆਪਣੇ ਸਮਾਨ ਕਰ ਲਿਆ। ਮੈਨੂੰ ਭੁੱਲੀ ਭਟਕੀ ਹੋਈ ਨੂੰ ਰਾਸਤੇ ਪਾ ਕੇ ਮੇਰੀ ਲਿਵ ਆਪਣੇ ਨਾਲ ਲਾ ਲਈ।

**ਸਰਬ ਵਿਆਪੀ ਸਤਿਗੁਰ ਮੇਰਾ, ਸਭ ਦਾ ਕਰੇ ਸੁਧਾਰ ॥**
**ਕਹੇ ਰਵਿਦਾਸ ਮਨ ਭਇਆ ਦੀਵਾਨਾ, ਮਿਲਿਆ ਅੰਮ੍ਰਿਤ ਧਾਰ ॥**

ਸਤਿਗੁਰੂ ਮੇਰਾ ਸਰਵਵਿਆਪਕ ਹੈ ਜੋ ਸਭ ਜੀਵਾਂ ਦਾ ਸੁਧਾਰ ਕਰਦਾ ਹੈ। ਜਗਤਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਉਂਦੇ ਹਨ ਜਦੋਂ ਜੀਵ ਦਾ ਮਨ ਪ੍ਰਭੂ ਦਾ ਦੀਵਾਨਾ ਹੋ ਜਾਂਦਾ ਹੈ, ਫਿਰ ਇਸ ਨੂੰ ਆਪਣੇ ਅੰਦਰੋਂ ਹੀ ਅੰਮ੍ਰਿਤ ਦੀ ਧਾਰਾ ਪ੍ਰਾਪਤ ਹੁੰਦੀ ਹੈ।

* * *

## "ਮੰਗਲਾਚਾਰ"

## "ਮੰਗਲਾਚਾਰ ਪਹਿਲਾ"

**ਹਰਿ, ਹਰਿ ਨਾਮ ਧਿਆਉ, ਸਦਾ ਮਨ ਪ੍ਰੇਮ ਕਰ ॥**
**ਲੋਭ, ਮੋਹ, ਹੰਕਾਰ, ਦੂਤ, ਜਮ ਦੂਰ ਹਰਿ ॥**

ਜੀਵ ਨੂੰ ਹਮੇਸ਼ਾ ਮਨ ਵਿਚ ਹਰਿ ਹਰਿ ਨਾਮ ਧਿਆਉਣਾ ਚਾਹੀਦਾ ਹੈ। ਹਰਿ ਦੀ ਕਿਰਪਾ ਨਾਲ ਲੋਭ, ਮੋਹ, ਹੰਕਾਰ ਅਤੇ ਦੂਤ ਦੂਰ ਹੋ ਜਾਂਦੇ ਹਨ।

**ਸੱਚ, ਸ਼ੀਲ, ਸੰਤੋਖ, ਸਦਾ ਦ੍ਰਿੜ ਕੀਜੀਏ ॥**

**ਅੰਮ੍ਰਿਤ ਹਰਿ ਕਾ ਨਾਮ, ਪ੍ਰੇਮ ਕਰ ਪੀਜੀਏ ॥**

ਜੀਵ ਨੂੰ ਮਨ ਵਿਚ ਹਮੇਸ਼ਾ ਸੱਚ, ਸ਼ੀਲ ਅਤੇ ਸੰਤੋਖ ਪੱਕਾ ਨਿਸ਼ਚਿਤ ਕਰਕੇ ਧਾਰਨ ਕਰਨਾ ਚਾਹੀਦਾ ਹੈ। ਹਰਿ ਦਾ ਨਾਮ ਰੂਪੀ ਅੰਮ੍ਰਿਤ ਜੀਵ ਨੂੰ ਪ੍ਰੇਮ ਕਰਕੇ ਪੀਣਾ ਚਾਹੀਦਾ ਹੈ।

**ਸੰਤਾਂ ਸੰਗ ਨਿਵਾਸ, ਸਦਾ ਚਿੱਤ ਲੋੜੀਏ ॥**

**ਮਨਮੁਖ ਦੁਸ਼ਟਾ ਸੰਗਤ, ਤੋਂ ਮਨ ਮੋੜੀਏ ॥**

ਸੰਤਾਂ ਦੀ ਸੰਗਤ ਵਾਸਤੇ ਜੀਵ ਨੂੰ ਹਮੇਸ਼ਾਂ ਆਪਣੇ ਮਨ ਵਿਚ ਇੱਛਾ ਰੱਖਣੀ ਚਾਹੀਦੀ ਹੈ। ਮਨਮੁਖਾਂ ਅਤੇ ਦੁਸ਼ਟਾਂ ਦੀ ਸੰਗਤ ਤੋਂ ਮਨ ਨੂੰ ਹਟਾਉਣਾ ਚਾਹੀਦਾ ਹੈ।

**ਮਨਮੁਖ ਚਿੱਤ ਕਠੋਰ, ਪੱਥਰ ਸਮ ਜਾਨੀਏ ॥**

**ਭੀਜਤ ਨਾਹਨ ਕਬੀ, ਰਹੇ ਵਿਚ ਪਾਨੀਏ ॥**

ਮਨਮੁੱਖ ਜੀਵ ਦਾ ਮਨ ਪੱਥਰ ਵਾਂਗ ਕਠੋਰ ਸਮਝਣਾ ਚਾਹੀਦਾ ਹੈ। ਜਿਵੇਂ ਪੱਥਰ ਪਾਣੀ ਵਿਚ ਭਿੱਜਦਾ ਨਹੀਂ ਹੈ ਇਸ ਪ੍ਰਕਾਰ ਮਨਮੁੱਖ ਜੀਵ ਵੀ ਸੰਤਾਂ ਦੀ ਸੰਗਤ ਵਿਚ ਨਹੀਂ ਭਿੱਜਦਾ।

**ਤਜਿ ਕਠੋਰ ਕਾ ਸੰਗ, ਸਦਾ ਗੁਰ ਸ਼ਰਣ ਗਹੁ ॥**

**ਗੁਰ ਚਰਨਨ ਮੇਂ ਧਿਆਨ, ਸਦਾ ਮੁਖ ਰਾਮ ਕਹੁ ॥**

ਕਠੋਰ ਜੀਵ ਦੀ ਸੰਗਤ ਛੱਡ ਕੇ ਹਮੇਸ਼ਾ ਜੀਵ ਨੂੰ ਗੁਰੂ ਦੀ ਸ਼ਰਨ ਵਿਚ ਰਹਿਣਾ ਚਾਹੀਦਾ ਹੈ, ਹਮੇਸ਼ਾ ਹੀ ਗੁਰੂ ਚਰਨਾਂ ਦਾ ਧਿਆਨ ਧਰਕੇ ਮੁੱਖ ਤੋਂ ਪ੍ਰਭੂ ਦਾ ਨਾਮ ਉਚਾਰਨ ਕਰਨਾ ਚਾਹੀਦਾ ਹੈ।

**ਨੱਤ ਪਤੀ ਸਾਥ ਪ੍ਰੀਤ, ਸਦਾ ਮਨ ਕੀਜੀਏ ॥**

**ਤਨ, ਮਨ ਅਰਪੇ ਤਾਂਹ, ਸਦਾ ਸੁੱਖ ਲੀਜੀਏ ॥**

ਨਿੱਤਾ-ਪ੍ਰਤੀ ਪਤੀ-ਪ੍ਰਭੂ ਨਾਲ ਮਨ ਵਿਚ ਪ੍ਰੀਤੀ ਕਰਨੀ ਚਾਹੀਦੀ ਹੈ। ਪ੍ਰਭੂ ਅੱਗੇ ਤਨ ਮਨ ਅਰਪਣ ਕਰਨ ਨਾਲ ਸੁੱਖ ਪ੍ਰਾਪਤ ਹੁੰਦਾ ਹੈ।

**ਨਿੱਜ ਪਤੀ ਸਾਥ ਪ੍ਰੀਤ, ਸਾਈ ਸੋਹਾਗਣੀ ॥**

**ਪਤੀ ਬਿਨ ਆਨ ਨਾ ਹੇਰੇ ਸਾ ਬਡਿਭਾਗਣੀ ॥**

ਨਿੱਜ ਪਤੀ-ਪ੍ਰਭੂ ਨਾਲ ਪ੍ਰੀਤੀ ਕਰਨ ਨਾਲ ਜੀਵ ਰੂਪੀ ਇਸਤਰੀ ਸੁਹਾਗਣ ਬਣ ਜਾਂਦੀ ਹੈ। ਪ੍ਰਭੂ ਪਤੀ ਤੋਂ ਬਿਨਾ ਕੋਈ ਜੀਵ ਰੂਪੀ ਇਸਤਰੀ ਵੱਡੇ ਭਾਗਾਂ ਵਾਲੀ ਨਹੀਂ ਹੈ।

**ਜਿੰਨ ਧਨ ਪਤੀ ਪ੍ਰਮੇਸ਼ਵਰ, ਜਾਨਯੋ, ਹੈ ਸਹੀ ॥**

**ਸਦਾ ਸੁਹਾਗਣ ਨਾਰ, ਪਾਇ ਦੁੱਖ ਨਾ ਕਹੀ ॥**

ਜਿਸ ਜੀਵ ਰੂਪੀ ਇਸਤਰੀ ਕੋਲ ਪਤੀ ਪ੍ਰਭੂ ਖ਼ਜਾਨਾ ਹੈ ਉਹ ਹਮੇਸ਼ਾ ਸੁਹਾਗਣ ਰਹਿੰਦੀ ਹੈ ਅਤੇ ਉਸ ਨੂੰ ਕੋਈ ਵੀ ਦੁੱਖ ਨਹੀਂ ਹੁੰਦਾ।

**ਕਹਿ ਰਵਿਦਾਸ ਪੁਕਾਰੇ, ਜਪਯੋ ਨਾਮ ਦੋਏ ॥**

**ਹਰਿ ਕਾਰਜ ਸੋ ਏਕ, ਸਦਾ ਸੁੱਖ ਮਾਣੋ ਦੋਏ ॥**

ਜਗਤਗੁਰੂ ਰਵਿਦਾਸ ਮਹਾਰਾਜ ਜੀ ਪੁਕਾਰ ਕੇ ਕਹਿੰਦੇ ਹਨ ਕਿ ਪਤੀ-ਪਤਨੀ ਦੋਨਾਂ ਨੂੰ ਪ੍ਰਭੂ ਦਾ ਨਾਮ ਜੱਪਣਾ ਚਾਹੀਦਾ ਹੈ। ਹਰਿ ਦਾ ਨਾਮ ਜੱਪਣ ਰੂਪੀ ਕਾਰਜ ਇੱਕ ਸ੍ਰੇਸ਼ਟ ਕਾਰਜ ਹੈ ਜਿਸਦਾ ਸਿਮਰਨ ਕਰਕੇ ਦੋਨੋ ਪਤੀ ਪਤਨੀ ਸਦਾ ਸੁੱਖ ਮਾਣਦੇ ਹਨ।

* * *

## "ਮੰਗਲਾਚਾਰ ਦੂਜਾ"

**ਦੂਜਾ ਭਾਓ ਮਿਟਾਓ, ਮੰਗਲਾ ਦੂਸਰਾ ॥**

**ਬਣ, ਤ੍ਰਿਣ ਪਰਬਤ, ਪੂਰ ਰਹਯੋ, ਪ੍ਰਭ ਹੂੰਸਰਾ ॥**

ਮਨ ਵਿਚੋਂ ਦਵੈਤ ਨੂੰ ਸਮਾਪਤ ਕਰਨਾ ਦੂਸਰਾ ਮੰਗਲਾਚਾਰ ਹੈ। ਵਣਾਂ ਤੇ ਪਰਬਤਾਂ ਭਾਵ ਹਰ ਪਾਸੇ ਪ੍ਰਭੂ ਸਮਾਇਆ ਹੋਇਆ ਹੈ।

**ਘਟਿ, ਘਟਿ ਏਕੋ, ਅਲਖ, ਪਸਾਰਾ ਪਸਰਿਆ ॥**

**ਗੁਰਮੁਖ ਜਾਨੇ ਗਯਾਨ, ਨਾ ਜਾਨੇ ਅਸਰਿਆ ॥**

ਘਟ ਘਟ ਵਿਚ ਭਾਵ ਹਰ ਪਾਸੇ ਪ੍ਰਭੂ ਦਾ ਪਾਸਾਰ ਪਸਰਿਆ ਹੋਇਆ ਹੈ। ਗੁਰਮੁਖ ਕੇਵਲ ਪ੍ਰਭੂ ਦੇ ਬ੍ਰਹਮ ਗਿਆਨ ਨੂੰ ਜਾਣਦਾ ਹੈ। ਹੋਰ ਕੁਝ ਨਹੀਂ ਜਾਣਦਾ।

**ਸਭ ਘਟਿ ਪੂਰਨ ਬ੍ਰਹਮ, ਜਾਨ ਗੁਰ ਪਾਇਕੇ॥**

**ਰਹੇ ਸਦਾ ਆਨੰਦ, ਤਾਸ ਗੁਣ ਗਾਇਕੇ॥**

ਗੁਰੂ ਨੂੰ ਪ੍ਰਾਪਤ ਕਰਕੇ ਜੀਵ ਜਾਣਦਾ ਹੈ ਕਿ ਘਟ-ਘਟ ਵਿਚ ਹਰ ਪਾਸੇ ਬ੍ਰਹਮ ਸਮਾਇਆ ਹੋਇਆ ਹੈ। ਉਸਦੇ ਗੁਣ ਗਾ ਕੇ ਜੀਵ ਸਦਾ ਆਨੰਦ ਵਿਚ ਰਹਿੰਦਾ ਹੈ।

**ਜੋ ਹਰਿ ਤੇ ਬੇ-ਮੁੱਖ, ਸਦਾ ਦੁੱਖ ਪਾਇ ਹੈ॥**

**ਮਾਨਸ ਜਨਮ ਆਮੋਲ, ਬਿਅਰਥ ਗੁਆਇ ਹੈ॥**

ਜੋ ਜੀਵ ਹਰਿ ਨੂੰ ਭੁੱਲੇ ਹੋਏ ਹਨ ਉਹ ਹਮੇਸ਼ਾ ਦੁੱਖ ਪਾਉਂਦੇ ਹਨ ਅਤੇ ਆਪਣਾ ਅਮੋਲਕ ਜਨਮ ਵਿਅਰਥ ਗਵਾਉਂਦੇ ਹਨ।

**ਗੁਰ ਬਿਨ ਲਹੇ ਨਾ ਧੀਰ, ਪੀਰ ਬਹੁ ਪਾਇ ਹੈ॥**

**ਲਹੇ ਅਨਾਦਰ ਸਰਬ, ਠਉਰ ਜਹਾ ਜਾਇ ਹੈ॥**

ਗੁਰੂ ਤੋਂ ਬਿਨਾਂ ਧੀਰਜ ਨਹੀਂ ਆਉਂਦੀ ਅਤੇ ਜੀਵ ਬਹੁਤ ਦੁੱਖ ਪਾਉਂਦਾ ਹੈ। ਪ੍ਰਭੂ ਨੂੰ ਭੁੱਲ ਕੇ ਜੀਵ ਜਿੱਥੇ ਵੀ ਜਾਂਦਾ ਹੈ ਉਸਦਾ ਨਿਰਾਦਰ ਹੁੰਦਾ ਹੈ ਭਾਵ ਉਸ ਨੂੰ ਮਾਣ ਪ੍ਰਾਪਤ ਨਹੀਂ ਹੁੰਦਾ।

**ਜਬ ਗੁਰ ਭਇ ਦਿਆਲ, ਸੋ ਚਰਨੀ ਲਾਇਆ॥**

**ਸਤਿਗੁਰ ਕਾਟੇ ਬੰਧਨ, ਨਾਮ ਜਪਾਇਆ॥**

ਜਦੋਂ ਗੁਰੂ ਦਿਆਲ ਹੁੰਦੇ ਹਨ ਤਾਂ ਚਰਨੀਂ ਲਾ ਲੈਂਦੇ ਹਨ। ਸਤਿਗੁਰੂ ਕਿਰਪਾ ਕਰਕੇ ਸਾਰੇ ਬੰਧਨ ਕੱਟ ਦਿੰਦੇ ਹਨ ਅਤੇ ਨਾਮ ਜਪਾਉਂਦੇ ਹਨ।

**ਸਾਧ ਸੰਗ ਪ੍ਰਤਾਪ, ਸਦਾ ਸੁੱਖ ਪਾਈਏ॥**

**ਸੰਤਨ ਕੇ ਪ੍ਰਤਾਪ, ਨਾਮ ਹਰਿ ਧਿਆਈਏ॥**

ਸੰਤਾਂ ਦੀ ਸੰਗਤ ਦੇ ਪ੍ਰਤਾਪ ਕਰਕੇ ਜੀਵ ਹਮੇਸ਼ਾ ਸੁੱਖ ਪਾਉਂਦਾ ਹੈ। ਸੰਤਾਂ ਦੀ ਕਿਰਪਾ ਨਾਲ ਹੀ ਹਰਿ ਦਾ ਨਾਮ ਸਿਮਰ ਹੁੰਦਾ ਹੈ।

**ਸੰਤਨ ਕੇ ਪ੍ਰਤਾਪ, ਪਤੀ ਪ੍ਰਭ ਪਾਈਐ ॥**
**ਮਿਲਿਆ ਅਟੱਲ ਸੁਹਾਗ, ਵਿਯੋਗ ਗਵਾਈਏ ॥**

ਸੰਤਾਂ ਦੇ ਪ੍ਰਤਾਪ ਨਾਲ ਪਤੀ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੈ ਜਿਸ ਨਾਲ ਪਤੀ ਪ੍ਰਭੂ ਰੂਪੀ ਅਟੱਲ ਸੁਹਾਗ ਮਿਲਣ ਨਾਲ ਵਿਯੋਗ ਸਮਾਪਤ ਹੋ ਜਾਂਦਾ ਹੈ।

**ਸੰਗਤ ਤੋਂ ਆਸ਼ੀਰਵਾਦ, ਇਸ ਜੋੜੀਏ ॥**
**ਕਹਿ ਰਵਿਦਾਸ ਇਨ ਸੰਗ, ਸਦਾ ਸੁੱਖ ਲੋੜੀਏ ॥**

ਜਗਤਗੁਰੂ ਰਵਿਦਾਸ ਮਹਾਰਾਜ ਜੀ ਉਚਾਰਨ ਕਰਦੇ ਹਨ ਕਿ ਜੋ ਜੀਵ ਸੰਗਤ ਤੋਂ ਅਸ਼ੀਰਵਾਦ ਲੈ ਕੇ ਪ੍ਰਭੂ ਨਾਲ ਜੁੜ ਜਾਂਦਾ ਹੈ ਉਸਨੂੰ ਹਮੇਸ਼ਾ ਹੀ ਸੁੱਖ ਪ੍ਰਾਪਤ ਹੁੰਦਾ ਹੈ।

* * *

## ''ਮੰਗਲਾਚਾਰ ਤੀਸਰਾ''

**ਰਲਿ ਮਿਲ ਸਖੀਆਂ, ਮੰਗਲ ਗਾਇਆ ਤੀਸਰਾ ॥**
**ਸਦਾ ਜਪੋ ਹਰਿ ਨਾਮ, ਨਾ ਕਬਹੂ ਬੀਸਰਾ ॥**

ਸਖੀਆਂ ਨੇ ਰਲ ਮਿਲ ਕੇ ਤੀਸਰਾ ਮੰਗਲਾਚਾਰ ਗਾਇਆ। ਸਦਾ ਹਰਿ ਦਾ ਨਾਮ ਜੱਪਣ ਨਾਲ ਜੀਵ ਪ੍ਰਭੂ ਨੂੰ ਭੁੱਲਦਾ ਨਹੀਂ।

**ਸਤਿਗੁਰ ਕੇ ਲਗ ਚਰਨ, ਸਦਾ ਹਰਿ ਗਾਈਐ ॥**
**ਰਿੱਧ, ਸਿੱਧ, ਨੌਂ ਨਿੱਧ, ਸਭੀ ਕਛਹੂ ਪਾਈਐ ॥**

ਸਤਿਗੁਰਾਂ ਦੇ ਚਰਨੀ ਲੱਗਣ ਨਾਲ ਸਦਾ ਹਰਿ ਦੇ ਗੁਣ ਗਾਏ ਜਾਂਦੇ ਹਨ ਅਤੇ ਸਾਰੀਆਂ ਰਿੱਧੀਆਂ-ਸਿੱਧੀਆਂ, ਨੌਂ ਖਜ਼ਾਨੇ ਪ੍ਰਾਪਤ ਹੋ ਜਾਂਦੇ ਹਨ।

**ਸਤਿਗੁਰ ਕੇ ਪ੍ਰਸਾਦ, ਅਟੱਲ ਸੁਹਾਗ ਹੈ ॥**

**ਸਤਿਗੁਰ ਭਏ ਦਿਆਲ, ਤਾਂ ਜਾਗਿਯੋ ਭਾਗ ਹੈ ॥**

ਸਤਿਗੁਰੂ ਦੀ ਕਿਰਪਾ ਨਾਲ ਅੱਟਲ ਸੁਹਾਗ ਦੀ ਪ੍ਰਾਪਤੀ ਹੁੰਦੀ ਹੈ। ਸਤਿਗੁਰਾਂ ਦੇ ਦਇਆ ਨਾਲ ਜੀਵ ਦੇ ਸ੍ਰੇਸ਼ਟ ਭਾਗ ਜਾਗਦੇ ਹਨ।

**ਸਤਿਗੁਰ ਦਰਸ਼ਨ ਪਾਇ, ਮਿਟੇ ਅੱਘ ਸਰਬ ਹੀ ॥**

**ਪਾਇਉ ਸ਼ੀਲ ਨਿਧਾਨ, ਮਿਟਾਇ ਗਰਬ ਹੀ ॥**

ਸਤਿਗੁਰਾਂ ਦੇ ਦਰਸ਼ਨ ਕਰਨ ਨਾਲ ਸਾਰੇ ਪਾਪ ਨਾਸ਼ ਹੋ ਜਾਂਦੇ ਹਨ। ਪ੍ਰਭੂ ਦਾ ਨਾਮ ਰੂਪੀ ਖਜ਼ਾਨਾ ਪ੍ਰਾਪਤ ਕਰਨ ਨਾਲ ਹੰਕਾਰ ਦਾ ਨਾਸ਼ ਹੋ ਜਾਂਦਾ ਹੈ।

**ਰਹਿਆ ਨਾ ਸੰਸਾ ਮੂਲ, ਜਿੰਨ੍ਹੀ ਗੁਰ ਪਾਇਆ ॥**

**ਹਿਰਦੇ ਭਇਆ ਪ੍ਰਕਾਸ਼ ਅਗਯਾਨ ਮਿਟਾਇਆ ॥**

ਜਿਨ੍ਹਾਂ ਨੇ ਗੁਰੂ ਨੂੰ ਪਾ ਲਿਆ, ਉਨ੍ਹਾਂ ਦੇ ਭਰਮ ਵੀ ਮੁੱਢ ਤੋਂ ਨਾਸ਼ ਹੋ ਗਿਆ। ਮਨ ਵਿਚ ਪ੍ਰਭੂ ਦੇ ਨਾਮ ਦਾ ਪ੍ਰਕਾਸ਼ ਹੋਣ ਨਾਲ ਅਗਿਆਨ ਰੂਪੀ ਹਨੇਰੇ ਦਾ ਨਾਸ਼ ਹੋ ਗਿਆ।

**ਬਿਨ ਹਰਿ ਨਾਮ ਨਾ ਸਾਰ, ਕਛਹੂ ਸੰਸਾਰ ਹੈ ॥**

**ਹਰਿ ਕਾ ਨਾਮ ਧਿਆਵੈ, ਭਵਿ ਨਿੱਧ ਪਾਰ ਹੈ ॥**

ਹਰਿ ਨਾਮ ਤੋਂ ਬਿਨਾਂ ਜੀਵ ਦਾ ਸੰਸਾਰ ਵਿਚ ਹੋਰ ਕੋਈ ਸਾਰ ਨਹੀਂ ਲੈਂਦਾ। ਹਰਿ ਦਾ ਨਾਮ ਧਿਆਉਣ ਨਾਲ ਜੀਵ ਭਵਸਾਗਰ ਤੋਂ ਪਾਰ ਹੋ ਜਾਂਦਾ ਹੈ।

**ਮੰਗਲ ਮਹਾਂ ਸੋ ਮੰਗਲ, ਹਰਿ, ਹਰਿ ਨਾਮ ਹੈ ॥**

**ਆਠ ਪਹਿਰ ਮੁਖ ਜਪੋ, ਇਹੀ ਸ਼ੁੱਭ ਕਾਮ ਹੈ ॥**

ਸਭ ਮੰਗਲਾਚਾਰ ਵਿਚੋਂ ਮਹਾਂਮੰਗਲਾਚਾਰ ਹਰਿ ਦਾ ਨਾਮ ਹੈ। ਆਠ ਪਹਿਰ ਭਾਵ ਹਰ ਸਮੇਂ ਮੁੱਖ ਵਿਚ ਹਰਿ ਦੇ ਨਾਮ ਦਾ ਜਾਪ ਕਰਨਾ ਸਭ ਤੋਂ ਸ੍ਰੇਸ਼ਟ ਕੰਮ ਹੈ।

**ਸੱਚ ਰਵਿਦਾਸ ਬਤਾਵੇ, ਨਾਮ ਨਾ ਛੋਡੀਏ ॥**

**ਗੁਰ ਚਰਨਨ ਮੇਂ ਧਿਆਨ, ਸਦਾ ਮਨ ਜੋੜੀਏ ॥**

ਜਗਤਗੁਰੂ ਰਵਿਦਾਸ ਮਹਾਰਾਜ ਜੀ ਸੱਚ ਉਚਾਰਨ ਕਰਦੇ ਹਨ ਕਿ ਪ੍ਰਭੂ ਦਾ ਕਦੇ ਵੀ ਨਾਮ ਨਹੀਂ ਛੱਡਣਾ ਚਾਹੀਦਾ ਅਤੇ ਗੁਰੂ ਚਰਨਾਂ ਵਿਚ ਧਿਆਨ ਲਗਾ ਕੇ ਮਨ ਨੂੰ ਜੋੜਨਾ ਚਾਹੀਦਾ ਹੈ।

* * *

## "ਮੰਗਲਾਚਾਰ ਚੌਥਾ"

**ਮੰਗਲ ਚਾਰ ਆਨੰਦ, ਸਖੀ ਮੁੱਖ ਗਾਇਆ ॥**

**ਕਾਰਜ ਭਇਆ ਸੁਹੇਲਾ, ਹਰਿ ਹਰਿ ਧਿਆਇਆ ॥**

ਚੌਥਾ ਮੰਗਲਾਚਾਰ ਗਾਉਣ ਨਾਲ ਆਨੰਦ ਦੀ ਪ੍ਰਾਪਤੀ ਹੁੰਦੀ ਹੈ, ਹਰਿ ਹਰਿ ਨਾਮ ਧਿਆਉਣ ਨਾਲ ਜੀਵ ਦਾ ਕਾਰਜ ਸਫ਼ਲ ਹੋ ਜਾਂਦਾ ਹੈ।

**ਧੰਨ ਔਰ ਪਿਰ ਕੀ, ਪ੍ਰੀਤ ਬਣੀ ਇੱਕ ਸਾਰ ਹੈ ॥**

**ਘਟਾ, ਛਟਾ ਸਮ ਮਿਲੀ, ਮੀਨ ਜਿਮ ਵਾਰ ਹੈ ॥**

ਜੀਵ ਰੂਪੀ ਇਸਤਰੀ ਦੀ ਪ੍ਰਭੂ ਪਤੀ ਨਾਲ ਇਸ ਪ੍ਰਕਾਰ ਸੱਚੀ ਪ੍ਰੀਤੀ ਹੋ ਜਾਂਦੀ ਹੈ, ਜਿਵੇਂ ਮਛਲੀ ਦੀ ਪਾਣੀ ਨਾਲ ਪ੍ਰੀਤੀ ਹੈ, ਪਾਣੀ ਤੋਂ ਬਿਨਾ ਮਛਲੀ ਆਪਣਾ ਜੀਵਨ ਗਵਾ ਦਿੰਦੀ ਹੈ,ਜੀਵ ਵੀ ਪ੍ਰਭੂ ਦਾ ਸਿਮਰਨ ਕਰਕੇ ਸਭ ਪਾਸੇ ਉਸ ਨੂੰ ਸਮਾਇਆ ਹੋਇਆ ਅਨੁਭਵ ਕਰਦਾ ਹੈ।

**ਪਿਰ ਸੰਗ ਪਾਇ ਆਨੰਦ, ਨਾ ਦੁੱਖ ਕੀ ਲੇਸ ਹੈ ॥**

**ਪਤੀ ਕੀ ਆਗਯਾ ਮੇਂ, ਜੋ ਰਹੇ ਹਮੇਸ਼ ਹੈ ॥**

ਪ੍ਰਭੂ ਪਤੀ ਦੀ ਸੰਗਤ ਕਰਕੇ ਆਨੰਦ ਦੀ ਪ੍ਰਾਪਤੀ ਹੁੰਦੀ ਹੈ ਅਤੇ ਦੁੱਖਾਂ ਦਾ ਨਾਸ਼ ਹੁੰਦਾ ਹੈ, ਜੋ ਜੀਵ ਰੂਪੀ ਇਸਤਰੀ ਪ੍ਰਭੂ ਪਤੀ ਦੀ ਆਗਿਆ ਵਿਚ ਹਮੇਸ਼ਾ ਰਹਿੰਦੀ ਹੈ।

**ਪਤੀ ਪਰਮੇਸ਼ਵਰ ਕਰਕੇ, ਜਿਨ ਧੰਨ ਜਾਣਿਆ ॥**

**ਸਦਾ ਸੁਖੀ ਬਹੁ ਨਾਰ, ਸਰਬ ਸੁੱਖ ਮਾਣਿਆ ॥**

ਜੀਵ ਰੂਪੀ ਇਸਤਰੀ ਪ੍ਰਭੂ ਪਤੀ ਨੂੰ ਸ੍ਰੇਸ਼ਟ ਕਰਕੇ ਜਾਣਦੀ ਹੈ ਉਹ ਹਮੇਸ਼ਾ ਸੁਖੀ ਰਹਿੰਦੀ ਹੈ ਅਤੇ ਸਭ ਸੁੱਖਾਂ ਨੂੰ ਮਾਣਦੀ ਹੈ।

**ਜਿਨ ਪਰ ਸਤਿਗੁਰ ਦਯਾਲ, ਸੁਖੀ ਬਹੁ ਗਾਈਏ ॥**

**ਮਹਿਮਾ ਅਪਰ ਅਪਾਰ, ਨਾ ਕੀਮਤ ਪਾਈਏ ॥**

ਜਿਸ ਜੀਵ ਤੇ ਸਤਿਗੁਰੂ ਦਿਆਲ ਹੁੰਦੇ ਹਨ, ਉਹ ਹਮੇਸ਼ਾਂ ਸੁੱਖ ਪੂਰਵਕ ਪ੍ਰਭੂ ਦੇ ਗੁਣ ਗਾਉਂਦੀ ਹੈ। ਪ੍ਰਭੂ ਦੀ ਮਹਿਮਾ ਬੇਅੰਤ ਹੈ, ਉਸ ਦੀ ਕੀਮਤ ਨਹੀਂ ਪਾਈ ਜਾ ਸਕਦੀ।

**ਸਤਿਗੁਰ ਕੇ ਸੰਗ, ਤੇਰੇ ਅਵਰ ਵੀ ਕੇਤੜੇ ॥**

**ਕਰ ਕੇ ਦ੍ਰਿੜ ਪ੍ਰੀਤ, ਪ੍ਰੇਮ ਕਰੋ ਜੇਤੜੇ ॥**

ਸਤਿਗੁਰ ਦੀ ਸੰਗਤ ਕਰਕੇ ਸਾਰੇ ਤੇਰੇ ਆਪਣੇ ਬਣ ਜਾਂਦੇ ਹਨ, ਤੂੰ ਸਤਿਗੁਰੂ ਨਾਲ ਪੱਕੀ ਪ੍ਰੀਤੀ ਕਰ ਅਤੇ ਹੋਰ ਸਭਨਾਂ ਨਾਲ ਵੀ ਪ੍ਰੇਮ ਕਰ।

**ਕਾਰਜ ਸਭ ਹੀ ਪੂਰੇ, ਸਤਿਗੁਰੂ ਕਰ ਦੀਏ ॥**

**ਪੂਰਬ ਪੁੰਨ ਅਨੇਕ ਫਲ ਤਿਸ ਅਬ ਲੀਏ ॥**

ਸਤਿਗੁਰੂ ਨੇ ਕਿਰਪਾ ਕਰਕੇ ਤੇਰੇ ਸਾਰੇ ਕਾਰਜ ਸੰਪੂਰਨ ਕਰ ਦਿੱਤੇ ਹਨ ਅਤੇ ਪਿਛਲੇ ਕੀਤੇ ਚੰਗੇ ਕਰਮਾਂ ਦੇ ਫ਼ਲ ਤੈਨੂੰ ਲੱਭ ਕੇ ਦਿੱਤੇ ਹਨ।

**ਜਨ ਰਵਿਦਾਸ ਪਿਆਸ, ਸਦਾ ਗੁਰ ਨਾਮ ਕੀ ॥**

**ਹਰਿ ਸੰਗ ਰਹੇ ਪ੍ਰੀਤ, ਓਟ ਇੱਕ ਨਾਮ ਕੀ ॥**

ਜਗਤਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਜੀਵ ਦੇ ਮਨ ਵਿਚ ਹਮੇਸ਼ਾ ਸਤਿਗੁਰੂ ਦੇ ਨਾਮ ਦੀ ਪਿਆਸ ਰਹਿਣੀ

ਚਾਹੀਦੀ ਹੈ। ਹਰਿ ਨਾਲ ਹਮੇਸ਼ਾ ਪ੍ਰੀਤੀ ਕਰਕੇ ਨਾਮ ਦਾ ਆਸਰਾ ਲੈਣਾ ਚਾਹੀਦਾ ਹੈ।

* * *

## "ਅਨਮੋਲ ਵਚਨ"

**ਪੁੰਨਵੰਤੇ ਪੁੰਨ ਘੜੀ, ਸੋਹਾਈ ਜੀਓ ॥**

**ਪ੍ਰਭ ਕਿਰਪਾ ਤੇ ਆਣ, ਮਿਲਾਈ ਜੀਓ ॥**

ਜਗਤਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਹੇ ਜੀਵ ! ਪੁੰਨ ਕਰਨ ਦਾ ਸ਼ੁਭ ਅਵਸਰ ਆ ਗਿਆ ਹੈ। ਪ੍ਰਭੂ ਦੀ ਕ੍ਰਿਪਾ ਨਾਲ ਮਿਲਾਪ ਹੋਏ ਹਨ।

**ਪੁੰਨ ਪੁੰਨਵੰਤੇ ਪੁੰਨ, ਧਾਰਨ ਕੀ ਜੀਓ ॥**

**ਪੁੰਨ ਮੇਂ ਏਕ ਨਾਮ, ਸੋ ਲੀਜੀਓ ॥**

ਹੇ ਜੀਵੋ ! ਐਸਾ ਪੁੰਨ ਹਿਰਦੇ 'ਚ ਧਾਰਨ ਕਰੋ ਕਿ ਹਰ ਸਮੇਂ ਪ੍ਰਭੂ ਦੇ ਇਕ ਨਾਮ ਦਾ ਸਵਾਸ-ਸਵਾਸ ਸਿਮਰਨ ਕਰਨਾ ਹੈ।

**ਪਤੀ ਘਰ ਪਤਨੀ, ਏਕ ਰਸਾਇਣ ਜੀਓ ॥**

**ਮਾਤ ਬੜੀ, ਛੋਟੀ ਸਮ, ਭੈਣ ਜੀਓ ॥**

ਪਤੀ ਦਾ ਘਰ ਸੂਝਵਾਨ ਪਤਨੀ ਨਾਲ ਹੀ ਸ਼ੋਭਦਾ ਹੈ। ਵੱਡੀ ਇਸਤਰੀ ਨੂੰ ਮਾਤਾ ਸਮਾਨ, ਛੋਟੀ ਨੂੰ ਭੈਣ ਸਮਾਨ ਸਮਝਣਾ ਚਾਹੀਦਾ ਹੈ।

**ਪਤੀ, ਪਰਮੇਸ਼ਵਰ, ਸਮ ਨਹੀਂ ਦੇਵ ਜੀਓ ॥**

**ਪੂਜਨ, ਸੇਵਨ ਸਮ, ਨਹੀਂ ਮੇਵ ਜੀਓ ॥**

ਪਤੀ ਪ੍ਰਮੇਸ਼ਵਰ ਰੂਪ ਸਮਝਣਾ ਚਾਹੀਦਾ ਹੈ, ਉਸ ਤੋਂ ਵੱਡਾ ਹੋਰ ਕੋਈ ਦੇਵ ਨਹੀਂ ਹੈ। ਉਸਦੀ ਸੇਵਾ ਕਰਨ ਨਾਲ ਹੀ ਵੱਡਾ ਫ਼ਲ ਮਿਲਦਾ ਹੈ।

**ਪਵਨ, ਅਗਨ, ਜਲ, ਜਨ ਹਮਰਾਈ ਜੀਓ ॥**

**ਸੂਰਜ, ਧਰਤ, ਸੰਗਤ, ਚੰਨ ਅਗਵਾਈ ਜੀਓ ॥**

ਹਵਾ, ਅੱਗ, ਜਲ ਜੀਵ ਦੇ ਸਹਾਇਕ ਹਨ। ਸੂਰਜ, ਧਰਤੀ, ਚੰਦਰਮਾਂ ਸੰਗਤ ਜੀਵ ਦੀ ਅਗਵਾਈ ਕਰ ਰਹੇ ਹਨ।

**ਬਹੁਤ ਜਨਮ ਵਿਛੜਤ, ਵਿਯੋਗ ਜੀਓ ॥**

**ਸੁਰਤ ਸ਼ਬਦ ਵਿਯੋਗ, ਸੰਜੋਗ ਜੀਓ ॥**

ਜੀਵ ਬਹੁਤ ਜਨਮਾਂ ਤੋਂ ਪ੍ਰਭੂ ਤੋਂ ਵਿਛੜ ਕੇ ਵਿਯੋਗ ਸਹਿ ਰਿਹਾ ਹੈ। ਪ੍ਰਭੂ ਦਾ ਸਿਮਰਨ ਕਰਕੇ ਸ਼ਬਦ-ਸੁਰਤ ਦਾ ਮਿਲਾਪ ਹੋਣ ਨਾਲ ਹੀ ਵਿਯੋਗ ਸਮਾਪਤ ਹੋ ਜਾਂਦਾ ਹੈ।

**ਪ੍ਰਣ ਕਰਤੇ, ਪ੍ਰਣ ਤੋੜ, ਨਿਭਾਉ ਜੀਓ ॥**

**ਲੋਕ ਕੁਸੰਗ ਫਰਕ, ਨਹੀਂ ਪਾਉ ਜੀਓ ॥**

ਹੇ ਪ੍ਰਣ ਕਰਨ ਵਾਲਿਓ, ਪ੍ਰਭੂ ਦਾ ਸਿਮਰਨ ਕਰਕੇ ਆਪਣੇ ਪ੍ਰਣ ਨੂੰ ਪੂਰਾ ਕਰਨਾ ਚਾਹੀਦਾ ਹੈ। ਖੋਟੇ ਲੋਕਾਂ ਦੀ ਸੰਗਤ ਵਿਚ ਜਾ ਕੇ ਆਪਣੇ ਪ੍ਰਣ ਵਿਚ ਵਿਘਨ ਨਹੀਂ ਪਾਉਣਾ ਚਾਹੀਦਾ।

**ਜਨ ਰਵਿਦਾਸ ਨਿਭਉ ਸੰਗਿ, ਸੋਈ ਜੀਓ ॥**

**ਗੁਰ ਕਿਰਪਾ ਤੇ, ਪ੍ਰਾਪਤ ਹੋਇ ਜੀਓ ॥**

ਜਗਤਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਪ੍ਰਭੂ ਹੀ ਜੀਵ ਦਾ ਹਮੇਸ਼ਾਂ ਸਾਥੀ ਰਹਿੰਦਾ ਹੈ। ਗੁਰੂ ਦੀ ਕ੍ਰਿਪਾ ਨਾਲ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੈ।

* * *

## ਆਰਤੀ -1

**ਨਾਮੁ ਤੇਰੋ ਆਰਤੀ ਮਜਨੁ ਮੁਰਾਰੇ ॥**
**ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ ॥੧॥ ਰਹਾਉ ॥**
**ਨਾਮੁ ਤੇਰੋ ਆਸਨੋ ਨਾਮੁ ਤੇਰੋ ਉਰਸਾ**
**ਨਾਮੁ ਤੇਰਾ ਕੇਸਰੋ ਲੇ ਛਿਟਕਾਰੇ ॥**
**ਨਾਮੁ ਤੇਰਾ ਅੰਭੁਲਾ ਨਾਮੁ ਤੇਰੋ ਚੰਦਨੋ**
**ਘਸਿ ਜਪੇ ਨਾਮੁ ਲੇ ਤੁਝਹਿ ਕਉ ਚਾਰੇ ॥੧॥**
**ਨਾਮੁ ਤੇਰਾ ਦੀਵਾ ਨਾਮੁ ਤੇਰੋ ਬਾਤੀ**
**ਨਾਮੁ ਤੇਰੋ ਤੇਲੁ ਲੇ ਮਾਹਿ ਪਸਾਰੇ ॥**
**ਨਾਮ ਤੇਰੇ ਕੀ ਜੋਤਿ ਲਗਾਈ**
**ਭਇਓ ਉਜਿਆਰੋ ਭਵਨ ਸਗਲਾਰੇ ॥੨॥**
**ਨਾਮੁ ਤੇਰੋ ਤਾਗਾ ਨਾਮੁ ਫੂਲ ਮਾਲਾ**
**ਭਾਰ ਅਠਾਰਹ ਸਗਲ ਜੂਠਾਰੇ ॥**
**ਤੇਰੋ ਕੀਆ ਤੁਝਹਿ ਕਿਆ ਅਰਪਉ**
**ਨਾਮੁ ਤੇਰਾ ਤੁਹੀ ਚਵਰ ਢੋਲਾਰੇ ॥੩॥**
**ਦਸ ਅਠਾ ਅਠਸਠੇ ਚਾਰੇ ਖਾਣੀ**
**ਇਹੈ ਵਰਤਣਿ ਹੈ ਸਗਲ ਸੰਸਾਰੇ ॥**
**ਕਹੈ ਰਵਿਦਾਸੁ ਨਾਮੁ ਤੇਰੋ ਆਰਤੀ**
**ਸਤਿਨਾਮੁ ਹੈ ਹਰਿ ਭੋਗ ਤੁਹਾਰੇ ॥੪॥੩॥**

ਜਗਤਗੁਰੂ ਰਵਿਦਾਸ ਜੀ ਮਹਾਰਾਜ ਮਾਨਵਤਾ ਨੂੰ ਸਭ ਵਹਿਮਾਂ ਭਰਮਾਂ ਤੋਂ ਮੁਕਤ ਹੋ ਕੇ ਹਰਿ ਦੇ ਨਾਮ ਜਪਣ ਰੂਪੀ ਸੱਚੀ ਆਰਤੀ ਕਰਨ ਦਾ ਪਾਵਨ ਉਪਦੇਸ਼ ਦਿੰਦੇ ਹਨ।

**ਨਾਮੁ ਤੇਰੋ ਆਰਤੀ ਮਜਨੁ ਮੁਰਾਰੇ ॥**

**ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ ॥੧॥ ਰਹਾਉ ॥**

ਹੇ ਹਰਿ ਜੀ! ਤੇਰਾ ਨਾਮ ਜਪਣਾ ਹੀ ਤੇਰੀ ਸੱਚੀ ਆਰਤੀ ਹੈ ਅਤੇ ਆਪ ਜੀ ਦਾ ਨਾਮ ਜਪਣਾ ਹੀ ਆਪ ਜੀ ਨੂੰ ਇਸ਼ਨਾਨ ਕਰਾਉਣਾ ਹੈ। ਆਪ ਜੀ ਦੇ ਨਾਮ ਤੋਂ ਬਿਨਾਂ ਸੰਸਾਰ ਦੇ ਬਾਕੀ ਸਭ ਖਿਲਾਰੇ ਝੂਠੇ ਹਨ।

**ਨਾਮੁ ਤੇਰੋ ਆਸਨੋ ਨਾਮੁ ਤੇਰੋ ਉਰਸਾ**

**ਨਾਮੁ ਤੇਰਾ ਕੇਸਰੋ ਲੇ ਛਿਟਕਾਰੇ ॥**

ਆਪ ਦਾ ਨਾਮ ਜਪਣਾ ਹੀ ਆਰਤੀ ਲਈ ਆਸਣ ਲਗਾਉਣਾ ਹੈ ਅਤੇ ਆਪ ਦਾ ਨਾਮ ਜਪਣਾ ਹੀ ਕੇਸਰ ਰਗੜਨ ਵਾਲਾ ਉਰਸਾ ਹੈ ਭਾਵ ਕੇਸਰ ਰਗੜਨ ਵਾਲੀ ਸ਼ਿਲਾ ਹੈ ਅਤੇ ਆਪ ਦਾ ਨਾਮ ਜਪਣਾ ਹੀ ਆਪ ਉੱਪਰ ਕੇਸਰ ਛਿੜਕਣਾ ਹੈ।

**ਨਾਮੁ ਤੇਰਾ ਅੰਭੁਲਾ ਨਾਮੁ ਤੇਰੋ ਚੰਦਨੋ**

**ਘਸਿ ਜਪੇ ਨਾਮੁ ਲੇ ਤੁਝਹਿ ਕਉ ਚਾਰੇ ॥੧॥**

ਆਪ ਜੀ ਦਾ ਨਾਮ ਹੀ ਪਾਣੀ ਹੈ, ਆਪ ਜੀ ਦਾ ਨਾਮ ਹੀ ਚੰਦਨ ਹੈ ਅਤੇ ਆਪ ਜੀ ਦਾ ਨਾਮ ਹੀ ਚੰਦਨ ਘਿਸਾ ਕੇ ਆਪ ਨੂੰ ਚੜ੍ਹਾਉਣਾ ਹੈ।

**ਨਾਮੁ ਤੇਰਾ ਦੀਵਾ ਨਾਮੁ ਤੇਰੋ ਬਾਤੀ**

**ਨਾਮੁ ਤੇਰੋ ਤੇਲੁ ਲੇ ਮਾਹਿ ਪਸਾਰੇ ॥**

ਆਪ ਦਾ ਨਾਮ ਜਪਣਾ ਹੀ ਆਰਤੀ ਲਈ ਦੀਵਾ ਹੈ, ਨਾਮ ਰੂਪੀ ਬੱਤੀ ਦੀਵੇ ਵਿੱਚ ਪਾਈ ਹੈ ਅਤੇ ਆਪ ਦਾ ਨਾਮ ਹੀ ਉਸ ਦੀਵੇ ਵਿੱਚ ਤੇਲ ਪਾਇਆ ਹੈ।

**ਨਾਮ ਤੇਰੇ ਕੀ ਜੋਤਿ ਲਗਾਈ**

**ਭਇਓ ਉਜਿਆਰੋ ਭਵਨ ਸਗਲਾਰੇ ॥੨॥**

ਆਪ ਜੀ ਦੇ ਨਾਮ ਦੀ ਹੀ ਜੋਤ ਲਗਾਈ ਹੈ, ਜਿਸ ਨਾਲ ਸਾਰੇ ਭਵਨਾਂ ਭਾਵ ਸਭ ਖੰਡਾਂ-ਬ੍ਰਹਿਮੰਡਾਂ ਵਿਚ ਆਪ ਜੀ ਦੇ ਨਾਮ ਦਾ ਪ੍ਰਕਾਸ਼ ਹੋ ਰਿਹਾ ਹੈ।

**ਨਾਮੁ ਤੇਰੋ ਤਾਗਾ ਨਾਮੁ ਫੂਲ ਮਾਲਾ**
**ਭਾਰ ਅਠਾਰਹ ਸਗਲ ਜੂਠਾਰੇ ॥**

ਆਪ ਦਾ ਨਾਮ ਹੀ ਧਾਗਾ ਹੈ ਅਤੇ ਆਪ ਦਾ ਨਾਮ ਹੀ ਫੁੱਲਾਂ ਦੀ ਮਾਲਾ ਹੈ। ਆਪ ਦੇ ਨਾਮ ਤੋਂ ਬਿਨਾਂ ਸੰਸਾਰ ਦੀ ਸਾਰੀ ਬਨਸਪਤੀ ਦੇ ਅਠਾਰਾਂ ਭਾਰ ਅਪਵਿੱਤਰ ਹਨ।

**ਤੇਰੋ ਕੀਆ ਤੁਝਹਿ ਕਿਆ ਅਰਪਉ**
**ਨਾਮੁ ਤੇਰਾ ਤੁਹੀ ਚਵਰ ਢੋਲਾਰੇ ॥੩॥**

ਹੇ ਹਰਿ ਜੀ, ਆਪ ਜੀ ਦੀ ਪੈਦਾ ਕੀਤੀ ਹੋਈ ਸ੍ਰਿਸ਼ਟੀ ਵਿਚੋਂ ਮੈਂ ਆਪ ਜੀ ਨੂੰ ਕੀ ਅਰਪਣ ਕਰਾਂ? ਆਪ ਜੀ ਦਾ ਨਾਮ ਜਪਣਾ ਹੀ ਮੈਂ ਆਪ ਜੀ 'ਤੇ ਚੌਰ ਝਲਾਉਂਦਾ ਹਾਂ।

**ਦਸ ਅਠਾ ਅਠਸਠੇ ਚਾਰੇ ਖਾਣੀ**
**ਇਹੈ ਵਰਤਣਿ ਹੈ ਸਗਲ ਸੰਸਾਰੇ ॥**

ਅਠਾਰਾਂ ਪੁਰਾਣਾਂ, ਅਠਾਹਟ ਤੀਰਥਾਂ ਤੇ ਚਾਰੇ ਖਾਣੀਆਂ (ਅੰਡਜ, ਜੇਰਜ, ਸੇਤਜ ਤੇ ਉਤਭੁਜ) ਵਿਚ ਸਾਰਾ ਸੰਸਾਰ ਵਿਚਰ ਰਿਹਾ ਹੈ।

**ਕਹੈ ਰਵਿਦਾਸੁ ਨਾਮੁ ਤੇਰੋ ਆਰਤੀ**
**ਸਤਿਨਾਮੁ ਹੈ ਹਰਿ ਭੋਗ ਤੁਹਾਰੇ ॥੪॥੩॥**

ਜਗਤਗੁਰੂ ਰਵਿਦਾਸ ਮਹਾਰਾਜ ਜੀ ਫਰਮਾਉਂਦੇ ਹਨ

ਕਿ ਹੇ ਹਰਿ ਜੀ ! ਆਪ ਜੀ ਦਾ ਨਾਮ ਜਪਣਾ ਹੀ ਮੇਰੇ ਲਈ ਆਪ ਦੀ ਸੱਚੀ ਆਰਤੀ ਕਰਨੀ ਹੈ। ਹੇ ਹਰਿ ਜੀ, ਸਤਿਨਾਮ ਦਾ ਹੀ ਆਪ ਜੀ ਨੂੰ ਭੋਗ ਲਗਾਉਂਦਾ ਹਾਂ।

* * *

## ਆਰਤੀ 2.

**ਆਰਤੀ ਕਹਾਂ ਲੈਂ ਕਰ ਜੋਵੈ।**
**ਸੇਵਕ ਦਾਸ ਅਚੰਭੋ ਹੋਵੈ ॥ ਟੇਕ ॥**
**ਬਾਵਨ ਕੰਚਨ ਦੀਪ ਧਰਾਵੈ।**
**ਜੜ ਬੈਰਾਗ ਰੇ ਦ੍ਰਿਸਟਿ ਨ ਆਵੈ ॥੧॥**
**ਕੋਟਿ ਭਾਨੁ ਜਾਕੀ ਸੋਭਾ ਰੋਮੈ।**
**ਕਹਾ ਆਰਤੀ ਅਗਨੀ ਹੋਮੈ ॥੨॥**
**ਪਾਂਚ ਤਤ ਯਹ ਤਿਰਗੁਨੀ ਮਾਯਾ।**
**ਜੋ ਦੇਖੈ ਸੋ ਸਕਲ ਉਪਾਯਾ ॥੩॥**
**ਕਹੈ ਰਵਿਦਾਸ ਦੇਖਾ ਹਮ ਮਾਹੀਂ।**
**ਸਕਲ ਜੋਤਿ ਰੋਮ ਸਮ ਨਾਹੀਂ ॥੪॥**

ਜਗਤਗੁਰੂ ਰਵਿਦਾਸ ਮਹਾਰਾਜ ਜੀ ਪ੍ਰਭੂ ਦੀ ਸੱਚੀ ਆਰਤੀ ਦਾ ਗੁਣ-ਗਾਣ ਕਰਦੇ ਹਨ ਕਿ ਉਸ ਪ੍ਰਭੂ ਦੀ ਜੋਤ ਦੇ ਪ੍ਰਕਾਸ਼ ਦੀ ਬਰਾਬਰੀ ਕਰੋੜਾਂ ਸੂਰਜਾਂ ਦਾ ਪ੍ਰਕਾਸ਼ ਵੀ ਨਹੀਂ ਕਰ ਸਕਦਾ।

**ਆਰਤੀ ਕਹਾਂ ਲੈਂ ਕਰ ਜੋਵੈ। ਸੇਵਕ ਦਾਸ ਅਚੰਭੋ ਹੋਵੈ ॥ ਟੇਕ ॥**

ਹੇ ਪ੍ਰਭੂ ! ਆਪ ਦੇ ਨਾਮ ਜਪਣ ਰੂਪੀ ਆਰਤੀ ਤੋਂ ਬਿਨਾਂ ਮੈਂ ਸੰਸਾਰ ਵਿੱਚ ਹੋਰ ਕੋਈ ਸੱਚੀ ਆਰਤੀ ਨਹੀਂ ਵੇਖਦਾ। ਆਪ ਦੇ ਨਾਮ ਤੋਂ ਬਿਨਾਂ ਮੇਰੇ ਲਈ ਸਾਰੇ ਅਡੰਬਰ ਹੈਰਾਨੀਜਨਕ ਹਨ।

**ਬਾਵਨ ਕੰਚਨ ਦੀਪ ਧਰਾਵੈ।**

**ਜੜ ਬੈਰਾਗ ਰੇ ਦ੍ਰਿਸਟਿ ਨ ਆਵੈ ॥੧॥**

ਭਾਵੇਂ ਕੋਈ ਜੀਵ ਆਰਤੀ ਲਈ ਸੋਨੇ ਦੇ ਛੋਟੇ ਦੀਵੇ ਬਣਾ ਕੇ ਜਗਾਵੇ ਪਰ ਸੱਚੇ ਵੈਰਾਗ ਤੋਂ ਬਿਨਾਂ ਉਸ ਪ੍ਰਭੂ ਦੇ ਦਰਸ਼ਨ ਨਹੀਂ ਹੁੰਦੇ।

**ਕੋਟਿ ਭਾਨੁ ਜਾਕੀ ਸੋਭਾ ਰੋਮੈ। ਕਹਾ ਆਰਤੀ ਅਗਨੀ ਹੋਮੈ ॥੨॥**

ਜਿਸ ਪ੍ਰਭੂ ਦੀ ਆਰਤੀ ਦੀ ਸ਼ੋਭਾ ਕਰੋੜਾਂ ਸੂਰਜਾਂ ਤੋਂ ਵੀ ਜ਼ਿਆਦਾ ਪ੍ਰਕਾਸ਼ ਵਧਾ ਰਹੀ ਹੈ, ਫਿਰ ਐਸੀ ਸੱਚੀ ਆਰਤੀ ਲਈ ਅਗਨੀ ਬਾਲ ਕੇ ਯੱਗ ਕਰਨ ਦੀ ਕੀ ਲੋੜ ਹੈ ਭਾਵ ਕੋਈ ਲੋੜ ਨਹੀਂ ਹੈ।

**ਪਾਂਚ ਤਤ ਯਹ ਤਿਰਗੁਨੀ ਮਾਯਾ।**

**ਜੋ ਦੇਖੈ ਸੋ ਸਕਲ ਉਪਾਯਾ ॥੩॥**

ਇਹ ਸੰਸਾਰ ਪੰਜ *ਤੱਤ ਪਾਣੀ, ਹਵਾ, ਅਗਨੀ, ਧਰਤੀ ਤੇ ਆਕਾਸ਼ ਅਤੇ ਤਿੰਨ-ਗੁਣ, ਸਤ, ਰੱਜ ਤੇ ਤਮ ਤੋਂ ਬਣਿਆ ਹੈ। ਜੋ ਵੀ ਦਿਖਾਈ ਦੇ ਰਿਹਾ ਹੈ ਉਸ ਸਾਰੇ ਵਿਚ ਪ੍ਰਭੂ ਸਮਾਇਆ ਹੋਇਆ ਹੈ।

**ਕਹੈ ਰਵਿਦਾਸ ਦੇਖਾ ਹਮ ਮਾਹੀਂ।**

**ਸਕਲ ਜੋਤਿ ਰੋਮ ਸਮ ਨਾਹੀਂ ॥੪॥**

ਜਗਤਗੁਰੂ ਰਵਿਦਾਸ ਮਹਾਰਾਜ ਜੀ ਫਰਮਾਉਂਦੇ ਹਨ ਕਿ ਮੈਂ ਪ੍ਰਭੂ ਨੂੰ ਆਪਣੇ ਅੰਦਰੋਂ ਅਨੁਭਵ ਕੀਤਾ ਹੈ। ਉਸ ਪ੍ਰਭੂ ਦੀ ਜੋਤ ਦੇ ਇੱਕ ਰੋਮ ਦੇ ਪ੍ਰਕਾਸ਼ ਬਰਾਬਰ ਵੀ ਸੰਸਾਰ ਦਾ ਸਾਰਾ ਪ੍ਰਕਾਸ਼ ਨਹੀਂ ਹੋ ਸਕਦਾ।

* * *

## ਆਰਤੀ 3.

**ਸੰਤ ਉਤਾਰੈ ਆਰਤੀ ਦੇਵ ਸਿਰੋਮਨੀਏ।**
**ਉਰ ਅੰਤਰ ਤਹਾਂ ਪੈਸਿ ਬਿਨ ਰਸਨਾ ਭਣਿਏ॥ ਟੇਕ॥**
**ਮਨਸਾ ਮੰਦਿਰ ਮਾਹਿੰ ਧੂਪ ਧੁਪਈਏ॥**
**ਪ੍ਰੇਮ ਪ੍ਰੀਤਿ ਕੀ ਮਾਲ ਰਾਮ ਚੜ੍ਹਈਏ॥੧॥**
**ਚਹੁੰ ਦਿਸਿ ਦਿਬਲਾ ਬਾਲਿ ਜਗਮਗ ਹ੍ਵੈ ਰਹਿਓ ਰੇ॥**
**ਜੋਤਿ ਜੋਤਿ ਸਮ ਜੋਤਿ ਜੋਤਿ ਮਿਲ ਰਹਿਓ ਰੇ॥੨॥**
**ਤਨ ਮਨ ਆਤਮ ਬਾਰਿ ਸਦਾ ਹਰਿ ਗਾਈਏ॥**
**ਭਨਤ ਜਨ ਰਵਿਦਾਸ ਤੁਮ ਸਰਨਾ ਆਈਏ॥੩॥**

ਜਗਤਗੁਰੂ ਰਵਿਦਾਸ ਮਹਾਰਾਜ ਦੀ ਜੀਵਾਂ ਨੂੰ ਪ੍ਰਭੂ ਦਾ ਸਿਮਰਨ ਕਰਨ ਦਾ ਪਾਵਨ ਉਪਦੇਸ਼ ਦਿੰਦੇ ਹਨ। ਪ੍ਰਭੂ ਦੀ ਨਾਮ ਜਪਣ ਰੂਪੀ ਆਰਤੀ ਸੰਤ-ਜਨ ਗਾਉਂਦੇ ਹਨ।

**ਸੰਤ ਉਤਾਰੈ ਆਰਤੀ ਦੇਵ ਸਿਰੋਮਨੀਏ।**
**ਉਰ ਅੰਤਰ ਤਹਾਂ ਪੈਸਿ ਬਿਨ ਰਸਨਾ ਭਣਿਏ॥ ਟੇਕ॥**

ਹੇ ਸਭ ਤੋਂ ਵੱਡੇ ਪ੍ਰਭੂ ਜੀ! ਸੰਤ ਆਪ ਦਾ ਨਾਮ ਜਪਣ ਰੂਪੀ ਸ੍ਰੇਸ਼ਟ ਆਰਤੀ ਗਾਉਂਦੇ ਹਨ। ਹਿਰਦੇ ਅੰਦਰ ਵਸ ਰਹੇ ਪ੍ਰਭੂ ਦਾ ਨਾਮ ਸੰਤ-ਜਨ ਰਸਨਾ ਤੋਂ ਉਚਾਰੇ ਬਿਨਾਂ ਹੀ ਆਪਣੇ ਹਿਰਦੇ ਅੰਦਰ ਉਚਾਰਨ ਕਰਦੇ ਹਨ।

**ਮਨਸਾ ਮੰਦਿਰ ਮਾਹਿੰ ਧੂਪ ਧੁਪਈਏ॥**
**ਪ੍ਰੇਮ ਪ੍ਰੀਤਿ ਕੀ ਮਾਲ ਰਾਮ ਚੜ੍ਹਈਏ॥੧॥**

ਆਪਣੇ ਸੁੰਦਰ ਮਨ ਰੂਪੀ ਮੰਦਿਰ ਵਿੱਚ ਪ੍ਰਭੂ ਨੂੰ ਮਿਲਣ ਦੀ ਆਸਾ ਦਾ ਹੀ ਧੂਫ ਲਗਾਉਂਦੇ ਹਨ ਅਤੇ ਸੱਚੀ ਪ੍ਰੀਤ ਰੂਪੀ

ਮਾਲਾ ਪ੍ਰਭੂ ਅੱਗੇ ਚੜ੍ਹਾਉਂਦੇ ਹਨ।

**ਚਹੁੰ ਦਿਸਿ ਦਿਬਲਾ ਬਾਲਿ ਜਗਮਗ ਹ੍ਵੈ ਰਹਿਓ ਰੇ ॥**
**ਜੋਤਿ ਜੋਤਿ ਸਮ ਜੋਤਿ ਜੋਤਿ ਮਿਲ ਰਹਿਓ ਰੇ ॥੨॥**

ਚਾਰੇ ਦਿਸ਼ਾਵਾਂ ਭਾਵ ਸਾਰਾ ਸੰਸਾਰ ਪ੍ਰਭੂ ਦੇ ਨਾਮਰੂਪੀ ਦੀਪਕ ਭਾਵ ਪ੍ਰਕਾਸ਼ ਨਾਲ ਜਗ-ਮਗਾ ਰਿਹਾ ਹੈ। ਜੀਵ ਉਸ ਪ੍ਰਭੂ ਦੇ ਨਾਮ ਰੂਪੀ ਜੋਤ ਆਪਣੇ ਅੰਦਰ ਜਗਾ ਕੇ, ਉਸ ਪ੍ਰਭੂ ਦੀ ਜੋਤ ਨਾਲ ਮਿਲਕੇ, ਜੀਵ ਉਸ ਦਾ ਹੀ ਰੂਪ ਹੋ ਜਾਂਦਾ ਹੈ।

**ਤਨ ਮਨ ਆਤਮ ਬਾਰਿ ਸਦਾ ਹਰਿ ਗਾਈਏ ॥**
**ਭਨਤ ਜਨ ਰਵਿਦਾਸ ਤੁਮ ਸਰਨਾ ਆਈਏ ॥੩॥**

ਹੇ ਜੀਵ! ਆਪਣਾ ਤਨ ਮਨ ਹਰਿ ਅੱਗੇ ਕੁਰਬਾਨ ਕਰਕੇ ਹਮੇਸਾ ਹੀ ਉਸ ਦੇ ਗੁਣ ਗਾਉਣੇ ਚਾਹੀਦੇ ਹਨ। ਜਗਤਗੁਰੂ ਰਵਿਦਾਸ ਮਹਾਰਾਜ ਜੀ ਕਥਨ ਕਰਦੇ ਹਨ ਕਿ ਹੇ ਹਰਿ! ਮੈਂ ਦਾਸ ਆਪ ਜੀ ਦੀ ਸ਼ਰਨ ਆਇਆ ਹਾਂ।

* * *

## ਆਰਤੀ 4.

**ਗਗਨ ਮੰਡਲ ਮੇਂ ਆਰਤੀ ਕੀਜੈ ਨਾਦ ਬਿੰਦ ਇਕੇ ਮੇਕ ਕਰੀਜੈ।**
**ਸੁਸਮਨ ਇੰਦੁ ਅਮ੍ਰਿਤ ਕੁੰਭ ਧਰਾਵੈ**
**ਮਨਸਾ ਮਾਲਾ ਫੂਲ ਚੜਾਵੈ ॥੧॥**
**ਘੀਵ ਅਖੰਡਾ ਸੋਹੈ ਬਾਤੀ ਤ੍ਰਿਕੁਟੀ ਜੋਤ ਜਲੈ ਦਿਨ ਰਾਤੀਂ।**
**ਪਵਨ ਸਾਧਨਾ ਥਾਲ ਸਜੀਜੈ ਤਾਮੇਂ ਚੌਮੁਖ ਮਨ ਧਰਿ ਲੀਜੈ ॥੨॥**
**ਰਵਿ ਸਸਿ ਹਾਥ ਗਹੌਂ ਤਿੰਹ ਮਾਹੀਂ**
**ਖਿਨ ਦਹਿਨੇ ਖਿਨ ਬਾਮੈਂ ਲਾਹੀਂ।**

**ਸਹਸ ਕੰਵਲ ਸਿਘਾਸਨ ਰਾਜੈ**
**ਅਨਹਦ ਝਾਂਜਨ ਨਿਤ ਹੀ ਬਾਜੈ ॥੩ ॥**
**ਇਹਿੰ ਬਿਧ ਆਰਤੀ ਸਾਂਚੀ ਸੇਵਾ ਪਰਮ ਪੁਰਿਖ ਅਲਖ ਅਭੇਵਾ।**
**ਕਹੈ ਰਵਿਦਾਸ ਗੁਰਦੇਵ ਬਤਾਵੈ**
**ਐਸੀ ਆਰਤੀ ਪਾਰ ਲੰਘਾਵੈ ॥੪ ॥**

ਇਸ ਪਾਵਨ ਸ਼ਬਦ ਰਾਹੀਂ ਜਗਤਗੁਰੂ ਰਵਿਦਾਸ ਮਹਾਰਾਜ ਜੀ ਜੀਵਾਂ ਨੂੰ ਗੁਰੂ ਦੇ ਉਪਦੇਸ਼ 'ਤੇ ਚੱਲ ਕੇ ਦਸਵੇਂ ਦੁਆਰ ਵਿੱਚ ਧਿਆਨ ਟਿਕਾ ਕੇ ਅਨਹਦ ਨਾਦ ਅਤੇ ਪ੍ਰਕਾਸ਼ ਦੇ ਦਰਸ਼ਨ ਕਰਨ ਰੂਪੀ ਸੱਚੀ ਆਰਤੀ ਕਰਨ ਦਾ ਪਾਵਨ ਉਪਦੇਸ਼ ਦਿੰਦੇ ਹਨ।

**ਗਗਨ ਮੰਡਲ ਮੇਂ ਆਰਤੀ ਕੀਜੈ ਨਾਦ ਬਿੰਦ ਇਕੇ ਮੇਕ ਕਰੀਜੈ।**
**ਸੁਸਮਨ ਇੰਦੂ ਅਮ੍ਰਿਤ ਕੁੰਭ ਧਰਾਵੈ**
**ਮਨਸਾ ਮਾਲਾ ਫੂਲ ਚੜਾਵੈ ॥੧ ॥**

ਹੇ ਭਾਈ! ਦਸਵੇਂ ਦੁਆਰ ਰੂਪੀ ਗਗਨ ਮੰਡਲ ਵਿੱਚ ਧਿਆਨ ਟਿਕਾ ਕੇ ਪ੍ਰਭੂ ਦੀ ਸੱਚੀ ਆਰਤੀ ਕਰੋ ਜਿੱਥੇ ਪ੍ਰਭੂ ਦੀ ਅਨਹਦ ਨਾਦ ਅਤੇ ਜੀਵ ਦੀ ਉਤਪੱਤੀ ਦੇ ਅੰਸ਼-ਬਿੰਦ ਇਕ-ਮਿਕ ਹੋ ਜਾਂਦੇ ਹਨ। ਸੁਖਮਨਾਂ ਨਾੜੀ ਤੋਂ ਉਪਰ ਦਸਵੇਂ ਦੁਆਰ ਵਿਖੇ ਪ੍ਰਭੂ ਦੇ ਅਮ੍ਰਿਤ ਦਾ ਕੁੰਭ ਭਰਿਆ ਹੋਇਆ ਹੈ। ਜਿੱਥੇ ਪ੍ਰਭੂ-ਮਿਲਾਪ ਰੂਪੀ ਫੁੱਲਾਂ ਦੀ ਮਾਲਾ ਚੜ੍ਹਾਈ ਜਾਂਦੀ ਹੈ।

**ਘੀਵ ਅਖੰਡਾ ਸੋਹੈ ਬਾਤੀ ਤ੍ਰਿਕੁਟੀ ਜੋਤ ਜਲੈ ਦਿਨ ਰਾਤੀਂ।**
**ਪਵਨ ਸਾਧਨਾ ਥਾਲ ਸਜੀਜੈ ਤਾਮੇਂ ਚੌਮੁਖ ਮਨ ਧਰਿ ਲੀਜੈ ॥੨ ॥**

ਜਿੱਥੇ ਪ੍ਰਭੂ ਦੇ ਨਾਮ ਦਾ ਦੀਵਾ ਬਣਾ ਕੇ, ਪ੍ਰਭੂ ਦੇ ਨਾਮ

ਦਾ ਘਿਓ ਪਾ ਕੇ ਅਤੇ ਬੱਤੀ ਦੇਵੀ ਵਿੱਚ ਪਾਈ ਜਾਂਦੀ ਹੈ ਅਤੇ ਤ੍ਰਿਕੁਟੀ ਵਿਖੇ ਪ੍ਰਭੂ ਦੇ ਨਾਮ ਦੀ ਜੋਤ ਨਿਰੰਤਰ ਜਗਮਗਾ ਰਹੀ ਹੈ। ਦਸਵੇਂ ਦੁਆਰ ਤੇ ਸਵਾਸਾਂ ਨੂੰ ਟਿਕਾਉਣ ਰੂਪੀ ਸਾਧਨਾ ਲਈ ਥਾਲ ਸਜਾਇਆ ਜਾਂਦਾ ਹੈ। ਜਿੱਥੇ ਹਰ ਪਾਸਿਓਂ ਧਿਆਨ ਹਟਾ ਕੇ ਪ੍ਰਭੂ ਵਿੱਚ ਲਗਾਇਆ ਜਾਂਦਾ ਹੈ।

**ਰਵਿ ਸਸਿ ਹਾਥ ਗਹੌਂ ਤਿੰਹ ਮਾਹੀਂ ਖਿਨ ਦਹਿਨੇ ਖਿਨ ਬਾਮੈਂ ਲਾਹੀਂ।**
**ਸਹਸ ਕੰਵਲ ਸਿਘਾਸਨ ਰਾਜੈ**
**ਅਨਹਦ ਝਾਂਜਨ ਨਿਤ ਹੀ ਬਾਜੈ ॥੩॥**

ਉਸ ਦਸਵੇਂ ਦੁਆਰ ਵਿਖੇ ਸੂਰਜ ਅਤੇ ਚੰਦਰਮਾ ਤੋਂ ਅਣਗਿਣਤ ਗੁਣਾਂ ਪ੍ਰਕਾਸ਼ ਹੋ ਰਿਹਾ ਹੈ। ਜਿੱਥੇ ਦਹਿਣੇ ਸ਼ੰਖ ਤੋਂ ਬਿਨਾਂ ਹੀ ਅਨਹਦ ਨਾਦ ਸੁਣਾਈ ਦਿੰਦਾ ਹੈ। ਸਹੰਸਦਲ ਕਮਲ ਵਿਖੇ ਪ੍ਰਭੂ ਪਾਤਸ਼ਾਹ ਦਾ ਸਿੰਘਾਸਨ ਹੈ। ਜਿੱਥੇ ਪ੍ਰਭੂ ਦੇ ਅਨਹਦ ਨਾਦ ਦੇ ਵਾਜੇ ਵਜ ਰਹੇ ਹਨ।

**ਇਹੰ ਬਿਧ ਆਰਤੀ ਸਾਂਚੀ ਸੇਵਾ ਪਰਮ ਪੁਰਿਖ ਅਲਖ ਅਭੇਵਾ।**
**ਕਹੈ ਰਵਿਦਾਸ ਗੁਰਦੇਵ ਬਤਾਵੈ**
**ਐਸੀ ਆਰਤੀ ਪਾਰ ਲੰਘਾਵੈ ॥੪॥**

ਇਸ ਪ੍ਰਕਾਰ ਪ੍ਰਭੂ ਦੀ ਆਰਤੀ ਕਰਨੀ ਹੀ ਪ੍ਰਭੂ ਦੀ ਸੱਚੀ ਸੇਵਾ ਹੈ। ਆਰਤੀ ਕਰਨੀ ਹੀ ਪਰਮ ਪਰੁਖ ਅਲਖ ਅਤੇ ਭੇਦ ਰਹਿਤ ਪ੍ਰਭੂ ਦੀ ਸੱਚੀ ਸੇਵਾ ਹੈ। ਜਗਤਗੁਰੂ ਰਵਿਦਾਸ ਮਹਾਰਾਜ ਜੀ ਫਰਮਾਉਂਦੇ ਹਨ ਕਿ ਪ੍ਰਭੂ ਦੀ ਐਸੀ ਆਰਤੀ ਕਰਨ ਦਾ ਗੁਰੂਦੇਵ ਹੀ ਗਿਆਨ ਕਰਵਾਉਂਦਾ ਹੈ। ਐਸੀ ਆਰਤੀ ਕਰਨ ਨਾਲ ਜੀਵ ਸੰਸਾਰ ਦੇ ਭਵਸਾਗਰ ਤੋਂ ਪਾਰ ਹੋ ਜਾਂਦਾ ਹੈ।

## ਆਰਤੀ 5.

**ਆਰਤੀ ਕਰਤ ਹਰਸ਼ੈ ਮਨ ਮੇਰੋ**
**ਆਵਤ ਚਿਤ ਤੁਵ ਰੂਪ ਘਨੇਰੋ ॥ਟੇਕ ॥**
**ਅਜਰ ਅਮਰ ਅਡੋਲ ਅਭੇਸ ਨਿਰਗੁਨ ਰਹਿਤ ਰੂਪ ਨਹਿੰ ਰੇਖਾ ॥**
**ਚੇਤਨ ਸਤ ਚਿਤ ਘਨ ਆਨੰਦਾ**
**ਨਿਰਵਿਕਾਰ ਤੇਜ ਅਮਿਤ ਅਭੇਦਾ ॥੧ ॥**
**ਅਨੁਭ ਅਜਨਮਾ ਸਰਬਗਯ ਅਨੰਤਾ ਅਭੇਦ ਅਦੈਸ਼**
**ਅਵਿਗਤ ਸੁਛੰਦਾ।**
**ਨਾਮ ਕੀ ਬਾਤੀ ਘੀਵ ਅਖੰਡਾ ਇਕ ਹੀ ਜੋਤ ਜਲੈ ਬ੍ਰਹਮੰਡਾ ॥੨ ॥**
**ਅਨਤ ਬਾਰ ਤੋਹਿ ਧਿਆਨ ਲਗਾਵਾ**
**ਮੁਨਿ ਜਨਿ ਪੈ ਪਾਰ ਨਹਿੰ ਪਾਵਾ।**
**ਮਨ ਬਚ ਕ੍ਰਮ ਰਵਿਦਾਸ ਧਿਆਵਾ ਘੰਟਾ ਝਾਲਰ ਮਨਹਿ**
**ਬਜਾਵਾ ॥੩ ॥**

ਇਸ ਪਾਵਨ ਸ਼ਬਦ ਵਿਚ ਜਗਤ ਗੁਰੂ ਰਵਿਦਾਸ ਮਹਾਰਾਜ ਜੀ ਸੰਸਾਰੀ ਜੀਵਾਂ ਨੂੰ ਸੱਚੀ ਆਰਤੀ ਕਰਨ ਦਾ ਉਪਦੇਸ਼ ਦਿੰਦੇ ਹਨ।

**ਆਰਤੀ ਕਰਤ ਹਰਸ਼ੈ ਮਨ ਮੇਰੋ ਆਵਤ ਚਿਤ ਤੁਵ ਰੂਪ ਘਨੇਰੋ ॥ਟੇਕ ॥**

ਹੇ ਪ੍ਰਭੂ ਜੀ ਆਪ ਜੀ ਦਾ ਨਾਮ ਜੱਪਣ ਰੂਪੀ ਸੱਚੀ ਆਰਤੀ ਕਰਕੇ ਮੇਰਾ ਮਨ ਆਨੰਦ ਭਰਪੂਰ ਹੋ ਰਿਹਾ ਹੈ। ਜਿਸ ਨਾਲ ਮੇਰੇ ਹਿਰਦੇ ਵਿੱਚ ਆਪ ਜੀ ਦੇ ਅਨੇਕਾਂ ਰੂਪ ਅਨੁਭਵ ਹੋ ਰਹੇ ਹਨ।

**ਅਜਰ ਅਮਰ ਅਡੋਲ ਅਭੇਸ**

**ਨਿਰਗੁਨ ਰਹਿਤ ਰੂਪ ਨਹਿੰ ਰੇਖਾ ॥**

ਪ੍ਰਭੂ ਕਦੇ ਬੁੱਢਾ ਨਹੀਂ ਹੁੰਦਾ, ਹਮੇਸ਼ਾ ਅਮਰ ਹੈ, ਕਦੇ ਡੋਲਦਾ ਨਹੀਂ। ਨਿਰਗੁਣ ਹੈ ਜਿਸਦੂ ਰੂਪ ਰੰਗ ਕੋਈ ਨਹੀਂ ਹੈ।

**ਚੇਤਨ ਸਤ ਚਿਤ ਘਨ ਆਨੰਦਾ**

**ਨਿਰਵਿਕਾਰ ਤੇਜ ਅਮਿਤ ਅਭੇਦਾ ॥੧ ॥**

ਹੇ ਪ੍ਰਭੂ ਜੀ! ਆਪ ਚੇਤਨਾ, ਸਤਿਸਰੂਪ, ਆਨੰਦ ਭਰਪੂਰ ਵਿਕਾਰ ਰਹਿਤ, ਨਾ ਮਿਟਣ ਵਾਲੇ ਅਤੇ ਭੇਦ ਰਹਿਤ ਹੈ।

**ਅਨੁਭ ਅਜਨਮਾ ਸਰਬਗਯ ਅਨੰਤਾ ਅਭੇਦ ਅਦੈਸ਼**

**ਅਵਿਗਤ ਸੁਛੰਦਾ।**

ਹੇ ਪ੍ਰਭੂ ਜੀ! ਆਪ ਅਨੂਪ, ਜਨਮ ਰਹਿਤ, ਸਭ ਕੁਝ ਕਰਨ ਵਾਲੇ, ਬੇਅੰਤ, ਭੇਦ ਰਹਿਤ, ਅਦ੍ਰਿਸ਼ਟ, ਅਵਿਨਾਸ਼ੀ ਅਤੇ ਨਿਰਮਲ ਸਵਰੂਪ ਹੈ।

**ਨਾਮ ਕੀ ਬਾਤੀ ਘੀਵ ਅਖੰਡਾ ਇਕ ਹੀ ਜੋਤ ਜਲੈ ਬ੍ਰਹਮੰਡਾ ॥੨ ॥**

ਹੇ ਪ੍ਰਭੂ ਜੀ! ਆਪ ਦੀ ਸੱਚੀ ਆਰਤੀ ਲਈ ਆਪ ਦੇ ਨਾਮ ਦੀ ਬੱਤੀ ਅਤੇ ਆਪ ਦੇ ਨਾਮ ਦੀ ਘਿਓ ਦੀਵੇ ਵਿੱਚ ਪਾਇਆ ਹੈ ਅਤੇ ਆਪ ਦੇ ਨਾਮ ਦੀ ਜੋਤ ਲਗਾਈ ਹੈ। ਜੋ ਸਾਰੇ ਬ੍ਰਹਿਮੰਡ ਨੂੰ ਜਗ-ਮਗਾ ਰਹੀ ਹੈ।

**ਅਨਤ ਬਾਰ ਤੋਹਿ ਧਿਆਨ ਲਗਾਵਾ**

**ਮੁਨਿ ਜਨਿ ਪੈ ਪਾਰ ਨਹਿੰ ਪਾਵਾ।**

ਮੁਨੀ ਜਨ ਅਨੇਕਾਂ ਬਾਰ ਧਿਆਨ ਲਗਾਉਣਾ ਕਰੇ ਪਰ ਆਪ ਦੇ ਆਦਿ ਅੰਤ ਨੂੰ ਨਹੀਂ ਪਾ ਸਕਦਾ।

**ਮਨ ਬਚ ਕ੍ਰਮ ਰਵਿਦਾਸ ਧਿਆਵਾ ਘੰਟਾ ਝਾਲਰ ਮਨਹਿ ਬਜਾਵਾ ॥੩ ॥**

ਜਗਤਗੁਰੂ ਰਵਿਦਾਸ ਮਹਾਰਾਜ ਜੀ ਉਚਾਰਣ ਕਰਦੇ ਹਨ ਕਿ ਹੇ ਪ੍ਰਭੂ ਜੀ ਮਨ, ਬਚਨ ਅਤੇ ਕਰਮ ਕਰਕੇ ਆਪ ਦਾ ਧਿਆਨ ਲਗਾਉਣ ਰੂਪੀ ਸੱਚੀ ਆਰਤੀ ਕਰਦਾ ਹਾਂ। ਜਿਸ ਨਾਲ ਮੈਨੂੰ ਆਪਣੇ ਅੰਦਰ ਹੀ ਅਨਹਦ ਨਾਦ ਸੁਣਾਈ ਦਿੰਦੀ ਹੈ।

* * *

# ਅਰਦਾਸ

## ਸਲੋਕ

ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ॥
ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ॥

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ,
ਕਨਕ ਕਟਿਕ ਜਲ ਤਰੰਗ ਜੈਸਾ॥
ਜਉ ਪੈ ਹਮ ਨ ਪਾਪ ਕਰੰਤਾ ਅਹੇ ਅਨੰਤਾ,
ਪਤਿਤ ਪਾਵਨ ਨਾਮੁ ਕੈਸੇ ਹੁੰਤਾ॥ ਰਹਾਉ॥
ਤੁਮ੍ ਜੁ ਨਾਇਕ ਆਛਹੁ ਅੰਤਰਜਾਮੀ,
ਪ੍ਰਭ ਤੇ ਜਨੁ ਜਾਨੀਜੈ ਜਨ ਤੇ ਸੁਆਮੀ॥
ਸਰੀਰੁ ਆਰਾਧੈ ਮੋ ਕਉ ਬੀਚਾਰੁ ਦੇਹੂ,
ਰਵਿਦਾਸ ਸਮ ਦਲ ਸਮਝਾਵੈ ਕੋਊ॥
**ਜਪੋ ਜੀ ਸਤਿਨਾਮ**

ਹਰਿ ਹਰਿ ਹਰਿ ਹਰਿ ਹਰਿ ਹਰਿ ਹਰੇ,

ਹਰਿ ਸਿਮਰਤ ਜਨ ਗਏ ਨਿਸਤਰਿ ਤਰੇ ॥ ਰਹਾਉ ॥
ਹਰਿ ਕੇ ਨਾਮ ਕਬੀਰ ਉਜਾਗਰ,
ਜਨਮ ਜਨਮ ਕੇ ਕਾਟੇ ਕਾਗਰ ॥
ਨਿਮਤ ਨਾਮਦੇਉ ਦੂਧੁ ਪੀਆਇਆ,
ਤਉ ਜਗ ਜਨਮ ਸੰਕਟ ਨਹੀ ਆਇਆ ॥
ਜਨ ਰਵਿਦਾਸ ਰਾਮ ਰੰਗਿ ਰਾਤਾ,
ਇਉ ਗੁਰ ਪਰਸਾਦਿ ਨਰਕ ਨਹੀ ਜਾਤਾ ॥
**ਜਪੋ ਜੀ ਸਤਿਨਾਮ**

ਸੁਖ ਸਾਗਰੁ ਸੁਰਤਰ ਚਿੰਤਾਮਨਿ, ਕਾਮਧੇਨੁ ਬਸਿ ਜਾ ਕੇ ॥
ਚਾਰਿ ਪਦਾਰਥ ਅਸਟ ਦਸਾ ਸਿਧਿ ਨਵ ਨਿਧਿ ਕਰ ਤਲ ਤਾ ਕੇ ॥
ਹਰਿ ਹਰਿ ਹਰਿ ਨ ਜਪਹਿ ਰਸਨਾ,
ਅਵਰ ਸਭ ਤਿਆਗਿ ਬਚਨ ਰਚਨਾ ॥ ਰਹਾਉ ॥
ਨਾਨਾ ਖਿਆਨ ਪੁਰਾਨ ਬੇਦ ਬਿਧਿ ਚਉਤੀਸ ਅਖਰ ਮਾਂਹੀ ॥
ਬਿਆਸ ਬਿਚਾਰਿ ਕਹਿਓ ਪਰਮਾਰਥੁ ਰਾਮ ਨਾਮ ਸਰਿ ਨਾਹੀ ॥
ਸਹਜ ਸਮਾਧਿ ਉਪਾਧਿ ਰਹਤ ਫੁਨਿ ਬਡੈ ਭਾਗਿ ਲਿਵ ਲਾਗੀ ॥
ਕਹਿ ਰਵਿਦਾਸ ਪ੍ਰਗਾਸੁ ਰਿਦੈ ਧਰਿ ਜਨਮ ਮਰਨ ਭੈ ਭਾਗੀ ॥
**ਜਪੋ ਜੀ ਸਤਿਨਾਮ**

ਐਸੀ ਲਾਲ ਤੁਝ ਬਿਨੁ ਕਉਨੁ ਕਰੈ, ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰ ਧਰੈ ॥੧॥ ਰਹਾਉ ॥
ਜਾ ਕੀ ਛੋਤਿ ਜਗਤ ਕਉ ਲਾਗੈ, ਤਾ ਪਰ ਤੁਂਹੀ ਢਰੈ ॥
ਨੀਚਹ ਊਚ ਕਰੈ ਮੇਰਾ ਗੋਬਿੰਦੁ, ਕਾਹੂ ਤੇ ਨ ਡਰੈ ॥
ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ ॥
ਕਹਿ ਰਵਿਦਾਸੁ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ ॥
**ਜਪੋ ਜੀ ਸਤਿਨਾਮ**

ਦਾਰਿਦੁ ਦੇਖਿ ਸਭ ਕੋ ਹਸੈ, ਐਸੀ ਦਸਾ ਹਮਾਰੀ ॥
ਅਸਟ ਦਸਾ ਸਿਧਿ ਕਰ ਤਲੈ, ਸਭ ਕ੍ਰਿਪਾ ਤੁਮਾਰੀ ॥
ਤੂ ਜਾਨਤ ਮੈ ਕਿਛੁ ਨਹੀ ਭਵ ਖੰਡਨ ਰਾਮ,
ਸਗਲ ਜੀਅ ਸਰਨਾਗਤੀ ਪ੍ਰਭ ਪੂਰਨ ਕਾਮ ॥ ਰਹਾਉ ॥
ਜੋ ਤੇਰੀ ਸਰਨਾਗਤਾ ਤਿਨ ਨਾਹੀ ਭਾਰ,
ਊਚ ਨੀਚ ਤੁਮ ਤੇ ਤਰੇ ਆਲਜੁ ਸੰਸਾਰੁ ॥
ਕਹਿ ਰਵਿਦਾਸ ਅਕਥ ਕਥਾ, ਬਹੁ ਕਾਇ ਕਰੀਜੈ ॥
ਜੈਸਾ ਤੂ ਤੈਸਾ ਤੁਹੀ, ਕਿਆ ਉਪਮਾ ਦੀਜੈ ॥
**ਜਪੋ ਜੀ ਸਤਿਨਾਮ**

ਧੰਨ ਧੰਨ ਜਗਤ ਗੁਰੂ ਰਵਿਦਾਸ ਜੀ ਮਹਾਰਾਜ,
ਧੰਨ ਧੰਨ ਸਤਿਗੁਰੂ ਵਾਲਮੀਕ ਜੀ ਮਹਾਰਾਜ,
ਧੰਨ ਧੰਨ ਸਤਿਗੁਰੂ ਨਾਮਦੇਵ ਜੀ ਮਹਾਰਾਜ,
ਧੰਨ ਧੰਨ ਸਤਿਗੁਰੂ ਕਬੀਰ ਜੀ ਮਹਾਰਾਜ,
ਧੰਨ ਧੰਨ ਸਤਿਗੁਰੂ ਸੈਨ ਜੀ ਮਹਾਰਾਜ,
ਧੰਨ ਧੰਨ ਸਤਿਗੁਰੂ ਬਾਬਾ ਫਰੀਦ ਜੀ ਮਹਾਰਾਜ,
ਧੰਨ ਧੰਨ ਬਾਬਾ ਸ਼੍ਰੀ ਚੰਦ ਜੀ ਮਹਾਰਾਜ,
ਧੰਨ ਧੰਨ ਸੰਤ ਮੀਰਾ ਬਾਈ ਜੀ ਮਹਾਰਾਜ,
ਧੰਨ ਧੰਨ ਸਤਿਗੁਰੂ ਰੰਕਾ ਜੀ ਮਹਾਰਾਜ,
ਧੰਨ ਧੰਨ ਸਤਿਗੁਰੂ ਬੰਕਾ ਜੀ ਮਹਾਰਾਜ,
ਧੰਨ ਧੰਨ ਸੰਤ ਭਿਲਣੀ ਜੀ ਮਹਾਰਾਜ
ਸਾਰੇ ਮਹਾਂਪੁਰਸ਼ਾਂ ਦੇ ਚਰਨ ਕਮਲਾਂ ਵੱਲ ਅਤੇ ਸੇਵਾ ਸਿਮਰਨ ਦੀ ਕਮਾਈ ਦਾ ਧਿਆਨ ਧਰ ਕੇ
**ਜਪੋ ਜੀ ਸਤਿਨਾਮ**

ਜਗਤ ਗੁਰੂ ਰਵਿਦਾਸ ਮਹਾਰਾਜ ਜੀ ਦੇ ਜਨਮ ਅਸਥਾਨ ਸੀਰ ਗੋਵਰਧਨਪੁਰ ਵਾਰਾਨਸੀ, ਬੇਗਮਪੁਰਾ ਹਰਿਦੁਆਰ, ਡੇਰਾ ਸੱਚਖੰਡ ਬੱਲਾਂ ਸਭੇ ਗੁਰਧਾਮਾਂ ਦਾ ਧਿਆਨ ਧਰ ਕੇ

**ਜਪੋ ਜੀ ਸਤਿਨਾਮ**

ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ,
ਅਬ ਪਤੀਆਰੁ ਕਿਆ ਕੀਜੈ ॥
ਬਚਨੀ ਤੋਰ ਮੋਰ ਮਨੁ ਮਾਨੈ, ਜਨ ਕਉ ਪੂਰਨੁ ਦੀਜੈ ॥
ਹਉ ਬਲਿ ਬਲਿ ਜਾਉ ਰਮਈਆ ਕਾਰਨੇ,
ਕਾਰਨ ਕਵਨ ਅਬੋਲ ॥ ਰਹਾਉ ॥
ਬਹਤੁ ਜਨਮ ਬਿਛੁਰੇ ਥੇ ਮਾਧਉ, ਇਹੁ ਜਨਮੁ ਤੁਮ੍ਹਾਰੇ ਲੇਖੇ ॥
ਕਹਿ ਰਵਿਦਾਸ ਆਸ ਲਗਿ ਜੀਵਉ,
ਚਿਰ ਭਇਓ ਦਰਸਨੁ ਦੇਖ ॥

ਧੰਨ ਧੰਨ ਜਗਤ ਗੁਰੂ ਰਵਿਦਾਸ ਜੀ ਮਹਾਰਾਜ ਆਪ ਜੀ ਦੇ ਚਰਨ ਕਮਲਾਂ ਵਿਚ ਅਰਦਾਸ ਬੇਨਤੀ ਹੈ ਜੀ.....

ਆਪ ਜੀ ਦੀ ਰਸਨਾ ਵਾਸਤੇ ਪਰਸ਼ਾਦ ਹਾਜ਼ਿਰ ਹੈ ਜੀ
ਕਹੈ ਰਵਿਦਾਸੁ ਨਾਮੁ ਤੇਰੋ ਆਰਤੀ,
ਸਤਿਨਾਮੁ ਹੈ ਹਰਿ ਭੋਗ ਤੁਹਾਰੇ ॥
ਆਪ ਜੀ ਦੇ ਨਾਮ ਦਾ ਭੋਗ ਲੱਗੇ ਜੀ
ਪਰਸ਼ਾਦ ਸਾਧ ਸੰਗਤ ਨੂੰ ਵਰਤੇ ਜੀ

ਜਗਤ ਗੁਰੂ ਰਵਿਦਾਸ ਜੀ ਮਹਾਰਾਜ ਆਪ ਜੀ ਦੇ ਨਾਮ ਦੀ ਚੜ੍ਹਦੀ ਹੋਵੇ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ ॥

* * *

**ਸ੍ਰੀ 108 ਸੰਤ ਸੁਰਿੰਦਰ ਦਾਸ ਬਾਵਾ ਜੀ ਦੇ ਵਲੋਂ ਲਿਖੀਆਂ ਅਤੇ ਅਲੱਗ-ਅਲੱਗ ਭਾਸ਼ਾਵਾਂ ਵਿੱਚ ਅਲੱਗ-ਅਲੱਗ ਧਾਰਮਿਕ ਸੰਸਥਾਵਾਂ ਦੇ ਵਲੋਂ ਪ੍ਰਕਾਸ਼ਿਤ ਪੁਸਤਕਾਂ :**

## ਹਿੰਦੀ ਭਾਸ਼ਾ ਵਿੱਚ ਪ੍ਰਕਾਸ਼ਿਤ ਪੁਸਤਕਾਂ

* ਜਗਤਗੁਰੂ ਰਵਿਦਾਸ ਅੰਮ੍ਰਿਤਬਾਣੀ (ਸਟੀਕ ਅਤੇ ਸੰਖੇਪ ਜੀਵਨ ਹਿੰਦੀ ਅਤੇ ਮਰਾਠੀ)
* ਨਿਤਨੇਮ ਅੰਮ੍ਰਿਤਬਾਣੀ ਜਗਤਗੁਰੂ ਰਵਿਦਾਸ ਜੀ (ਸਟੀਕ)
* ਜਗਤਗੁਰੂ ਰਵਿਦਾਸ ਮਹਾਰਾਜ ਜੀ ਦਾ ਸੰਖੇਪ ਜੀਵਨ
* ਜਗਤਗੁਰੂ ਰਵਿਦਾਸ ਮਹਾਰਾਜ ਜੀ ਦੀਆਂ ਕਥਾਵਾਂ (ਹਿੰਦੀ ਅਤੇ ਮਰਾਠੀ ਵਿੱਚ)
* ਅੰਮ੍ਰਿਤਬਾਣੀ ਜਗਤਗੁਰੂ ਰਵਿਦਾਸ ਮਹਾਰਾਜ ਜੀ (ਸਟੀਕ)
* ਜਗਤਗੁਰੂ ਰਵਿਦਾਸ ਮਹਾਰਾਜ ਜੀ ਦੀਆਂ ਪਾਵਨ ਜੀਵਨ ਕਥਾਵਾਂ
* ਧਰਤੀ ਉੱਤੇ ਰੱਬ ਸਤਿਗੁਰੂ ਸਰਵਣ ਦਾਸ ਜੀ ਮਹਾਰਾਜ

* * *

## Books Published in English

* Amritbani Jagatguru Ravidass Maharaj Ji (Steek)
* Amritbani Jagatguru Ravidass Maharaj Ji 40 Pade (Steek)
* Sacred Life of Jagatguru Ravidass Ji
* God on Earth Satguru Sarwan Dass Ji Maharaj

## Books in Marathi, Gujrati, Nepali, Italian, French, Dutch, Greek, Spanish.

* Amritbani Jagatguru Ravidass Maharaj Ji (Steek)

* * *

## ਪੰਜਾਬੀ ਭਾਸ਼ਾ ਵਿੱਚ ਪ੍ਰਕਾਸ਼ਿਤ ਪੁਸਤਕਾਂ

* ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ (40 ਸ਼ਬਦ ਸਟੀਕ)
* ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ (ਸੰਪੂਰਨ ਸਟੀਕ)
* ਸ੍ਰੀ ਗੁਰੂ ਰਵਿਦਾਸ ਅੰਮ੍ਰਿਤਬਾਣੀ (ਸਟੀਕ ਅਤੇ ਸੰਖੇਪ ਜੀਵਨ)
* ਨਿਤਨੇਮ ਅੰਮ੍ਰਿਤਬਾਣੀ ਜਗਤਗੁਰੂ ਰਵਿਦਾਸ ਜੀ (ਸਟੀਕ)
* ਸੁਖਸਾਗਰ ਸਟੀਕ
* ਜਗਤਗੁਰੂ ਰਵਿਦਾਸ ਮਹਾਰਾਜ ਜੀ ਦਾ ਸੰਖੇਪ ਜੀਵਨ
* ਧਰਤੀ ਉੱਤੇ ਰੱਬ ਸਤਿਗੁਰੂ ਸਰਵਣ ਦਾਸ ਜੀ (ਜੀਵਨ ਸਾਖੀ)
* ਗੁਰੂ ਰਵਿਦਾਸ ਮਿਲੇ ਮੋਹਿ ਪੂਰੇ (ਸੰਤ ਮੀਰਾਂ ਬਾਈ ਜੀ)

**ਅੰਤਰਰਾਸ਼ਟਰੀ ਜਗਤਗੁਰੂ ਰਵਿਦਾਸ ਸਾਹਿਤ ਸੰਸਥਾ (ਰਜਿ.) ਵਲੋਂ ਪ੍ਰਕਾਸ਼ਿਤ ਪੁਸਤਕ —**

* ਚਮਾਰ ਜਾਤੀ ਇਤਿਹਾਸ ਧਰਮ ਤੇ ਸੱਭਿਆਚਾਰ - ਰਾਜੇਸ਼ ਕੈਂਥ ਭਬਿਆਣਵੀ

**ਰਵਿਦਾਸੀਆ ਧਰਮ ਪ੍ਰਚਾਰ ਅਸਥਾਨ ਕਾਹਨਪੁਰ ਵਲੋਂ ਪ੍ਰਕਾਸ਼ਿਤ ਪੁਸਤਕਾਂ —**

* ਰਵਿਦਾਸੀਆ ਧਰਮ ਦਾ ਅਨਮੋਲ ਹੀਰਾ ਸ਼੍ਰੀ 108 ਸੰਤ ਸੁਰਿੰਦਰ ਦਾਸ ਬਾਵਾ ਜੀ — ਕਾਂਸ਼ੀ ਰਾਮ ਕਲੇਰ
* ਰਵਿਦਾਸੀਆ ਕੌਮ ਦੇ ਅਮਰ ਸ਼ਹੀਦ ਸੰਤ ਰਾਮਾ ਨੰਦ ਜੀ — ਕਾਂਸ਼ੀ ਰਾਮ ਕਲੇਰ ਜੰਡੂਸਿੰਘਾ

**Email: ravidassiadharam@gmail.com**

**Website: www.ravidassiadharam.org**

**facebook : ravidassiadharamparcharasthan**

**Youtube : Ravidassia Dharam Parchar Asthan, Kahanpur Jalandhar**



ਸਤਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ।



ਐਸਾ ਚਾਹੂੰ ਰਾਜ ਮੈਂ ਜਹਾਂ ਮਿਲੈ ਸਭਨ ਕੋ ਅੰਨ।
ਛੋਟ-ਬੜੇ ਸਭ ਸਮ ਬਸੈ ਰਵਿਦਾਸ ਰਹੇ ਪ੍ਰਸੰਨ॥



ਸਬਕੈ ਅਸਚਰਜ ਭਇਆ ਤਮਾਸਾ॥ ਜਿਤੇ ਵਿਪਰ ਤਿਤੇ ਰਵਿਦਾਸਾ॥









30 ਜਨਵਰੀ 2010 ਈ. ਨੂੰ ਸ੍ਰੀ ਗੁਰੂ ਰਵਿਦਾਸ ਜਨਮ-ਅਸਥਾਨ ਮੰਦਰ ਸੀਰ ਗੋਵਰਧਨਪੁਰ, ਬਨਾਰਸ ਵਿਖੇ ਜਗਤਗੁਰੂ ਰਵਿਦਾਸ ਮਹਾਰਾਜ ਜੀ, ਸਤਿਗੁਰੂ ਸਰਵਣ ਦਾਸ ਮਹਾਰਾਜ ਜੀ ਅਤੇ ਸੰਤ ਸਮਾਜ ਦੀ ਕ੍ਰਿਪਾ ਨਾਲ ''ਰਵਿਦਾਸੀਆ ਧਰਮ' ਦਾ ਐਲਾਨ ਕਰਦੇ ਹੋਏ ਸੰਤ ਸੁਰਿੰਦਰ ਦਾਸ ਬਾਵਾ ਜੀ।



# Ravidassia Dharam Parchar Asthan

**Vill. Kahanpur, P.O. Raipur Rasulpur**
**Distt. Jalandhar-144012 (Pb.)**
E-mail : ravidassiadharam@gmail.com
Website : www.ravidassiadharam.org
Facebook : ravidassia dharam parchar asthan
Youtube : Ravidassia Dharam Parchar Asthan, Kahanpur Jalandhar

